
People's Herald

People's Herald

Rs- 100/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 17 ਅਗਸਤ 2025 ਐਤਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

# ਬਹੁਜਨ ਸਮਾਜ ਪਾਰਟੀ ਵਲੋਂ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਅਨਾਜ ਮੰਡੀ ਪਟਿਆਲਾ ਵਿਖੇ ਕੀਤੀ ਗਈ ਰੈਲੀ ਤੇ ਧਰਨਾ ਪ੍ਰਦਰਸ਼ਨ-ਕਰੀਮਪੁਰੀ

## ਪਿੰਡ ਬਠੋਈ ਕਲਾਂ ਵਿੱਚ ਦਲਿਤਾਂ ਨੇ ਪੰਚਾਇਤੀ ਜ਼ਮੀਨ ਬੋਲੀ ਦੇ ਕੇ 11 ਲੱਖ 50 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਪ੍ਰੰਤੂ ਸਰਕਾਰ ਵਲੋਂ ਉਨ੍ਹਾਂ ਨੂੰ ਹੁਣ ਤੱਕ ਕਬਜ਼ਾ ਨਹੀਂ ਦਵਾਇਆ ਗਿਆ। ਭੌਂ ਮਾਫੀਆ ਵਲੋਂ ਦਲਿਤਾਂ ਨੂੰ ਕੁਟਿਆ ਗਿਆ ਅੱਜ ਤੱਕ ਦੋਸ਼ੀਆਂ ਨੂੰ ਨਹੀਂ ਫੜਿਆ, ਪਟਿਆਲਾ 'ਚ ਦਲਿਤਾਂ ਤੇ ਅਤਿਆਚਾਰ ਦੇ ਕਈ ਮਾਮਲੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 16 ਅਗਸਤ INTERNATIONAL PAPER, 94636 01616 hardipchumber57@gmail.com

ਪਟਿਆਲਾ-- ਬਹੁਜਨ ਸਮਾਜ ਪਾਰਟੀ ਵਲੋਂ ਅੱਜ 15 ਅਗਸਤ ਨੂੰ ਆਜ਼ਾਦੀ ਦਿਹਾੜੇ ਮੌਕੇ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਤੇ ਜਿਲਾ ਪਟਿਆਲਾ ਦੇ ਵੱਖ ਵੱਖ ਪਿੰਡਾਂ ਵਿੱਚ ਦਲਿਤਾਂ ਤੇ ਹੋ ਰਹੇ ਜ਼ੁਲਮ, ਅਤਿਆਚਾਰ ਧੱਕੇਸ਼ਾਹੀਆਂ, ਝੂਠੇ ਮੁੱਕਦਮੇ ਤੇ ਖਾਸ ਕਰਕੇ ਪਿੰਡ ਬਠੋਈ ਕਲਾਂ ਵਿਖੇ ਦਲਿਤਾਂ ਵਲੋਂ ਪੰਚਾਇਤੀ ਜ਼ਮੀਨ ਬੋਲੀ ਦੇਣ ਤੋਂ ਬਾਅਦ 11 ਲੱਖ 50 ਹਜ਼ਾਰ ਰੁਪਏ ਬੀ ਡੀ ਪੀ ਓ ਰਾਹੀਂ ਸਰਕਾਰ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਦੇ ਬਾਵਜੂਦ ਜ਼ਮੀਨ ਦਾ ਕਬਜ਼ਾ ਨਾ ਲੈ ਕੇ ਦੇਣ ਵਿਰੁੱਧ ਅਨਾਜ ਮੰਡੀ ਪਟਿਆਲਾ ਵਿਖੇ ਰੈਲੀ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਐਮ ਐਲ ਏ, ਸਾਬਕਾ ਮੈਂਬਰ ਪਾਰਲੀਮੈਂਟ ਰਾਜ ਸਭਾ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਰੈਲੀ ਨੂੰ ਸੰਬੋਧਨ ਕੀਤਾ। ਉਹਨਾਂ ਨੇ ਵੱਡੀ ਗਿਣਤੀ ਵਿੱਚ ਪਹੁੰਚੇ ਬਸਪਾ ਸਮੱਰਥਕਾਂ ਨੂੰ ਦੱਸਿਆ ਕਿ ਬਸਪਾ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਕਿਉਂ ਸ਼ੁਰੂ ਕੀਤੀ ਗਈ। ਪੰਜਾਬ ਦੀ ਮੌਜੂਦਾ ਸਰਕਾਰ ਵਲੋਂ ਪੰਜਾਬ ਸੰਭਾਲਿਆ ਨਹੀਂ ਜਾ ਰਿਹਾ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਮੌਜੂਦਾ ਸਰਕਾਰ ਚੱਲ ਰਹੀ ਹੈ। ਪਿਛਲੀਆਂ ਸਰਕਾਰਾਂ ਤੋਂ ਦੁਖੀ ਹੋ ਕੇ ਪੰਜਾਬ ਦੇ ਲੋਕਾਂ ਨੇ ਸਰਕਾਰ ਬਦਲੀ ਸੀ ਪ੍ਰੰਤੂ ਇਹ ਸਰਕਾਰ ਨਿਕੰਮੀ ਹੀ ਸਾਬਤ ਹੋਈ। ਚੋਣਾਂ ਵਿੱਚ ਕੀਤੇ ਵਾਅਦੇ ਝੂਠੇ ਸਿੱਧ ਹੋਏ। ਪੰਜਾਬ ਵਿੱਚ ਦਲਿਤਾਂ ਤੇ ਅਤੇ ਖਾਸਕਰ ਜਿਲਾ ਪਟਿਆਲਾ ਵਿੱਚ ਦਲਿਤਾਂ ਤੇ ਪੱਛੜਿਆਂ ਤੇ ਜ਼ੁਲਮ ਅਤਿਆਚਾਰ ਧੱਕੇਸ਼ਾਹੀਆਂ,ਝੂਠੇ ਮੁੱਕਦਮੇ ਦਰਜ਼ ਕਰਨੇ ਕੁੱਟਮਾਰ ਦੀਆਂ ਘਟਨਾਵਾਂ ਵਿਚ ਭਾਰੀ ਵਾਧਾ ਹੋਇਆ ਹੈ। ਪਿੰਡ ਬਠੋਈ ਕਲਾਂ ਵਿੱਚ ਦਲਿਤਾਂ ਨੇ ਪੰਚਾਇਤੀ ਜ਼ਮੀਨ ਬੋਲੀ ਦੇ ਕੇ 11 ਲੱਖ 50 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਪ੍ਰੰਤੂ ਸਰਕਾਰ ਵਲੋਂ ਉਨ੍ਹਾਂ ਨੂੰ ਹੁਣ ਤੱਕ ਕਬਜ਼ਾ ਨਹੀਂ ਦਵਾਇਆ ਗਿਆ। ਭੌਂ ਮਾਫੀਆ ਵਲੋਂ ਦਲਿਤਾਂ ਨੂੰ ਕੁਟਿਆ ਗਿਆ ਅੱਜ ਤੱਕ ਦੋਸ਼ੀਆਂ ਨੂੰ ਫੜਿਆ ਨਹੀਂ ਗਿਆ। ਇਸੇ ਤਰ੍ਹਾਂ ਹੀ ਮੰਡੋੜ ਪਿੰਡ ਵਿੱਚ ਹੋਇਆ, ਪਿੰਡ ਭਾਂਖਰ ਵਿਚ ਦਲਿਤਾਂ ਤੇ ਝੂਠੇ ਮੁੱਕਦਮੇ ਦਰਜ਼ ਕੀਤੇ ਗਏ। ਬਸਪਾ ਇਹ ਬਰਦਾਸ਼ਤ ਨਹੀਂ ਕਰੇਗੀ। ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਉਹ 2027 ਵਿੱਚ ਉਸੇ ਹੀ ਤਰ੍ਹਾਂ ਆਪ ਪਾਰਟੀ ਦੀ ਸਰਕਾਰ ਨੂੰ ਬਦਲ ਦੇਣਗੇ ਜਿਸ ਤਰ੍ਹਾਂ ਉਨਾਂ ਨੇ ਦੂਜੀਆਂ ਪੁਰਾਣੀਆਂ ਸਰਕਾਰਾਂ ਨੂੰ ਬਦਲਿਆ ਸੀ। ਭਰੋਸੇਯੋਗ ਸੂਤਰ ਦੱਸਦੇ ਹਨ ਕਿ ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ 2027 ਵਿੱਚ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਾਏਗੀ।






ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਗਤਾਰ ਸਿੰਘ ਭੱਟੀ ਮੀਡੀਆ ਇੰਚਾਰਜ ਬਸਪਾ ਜ਼ਿਲਾ ਪਟਿਆਲਾ ਤੇ ਲੈਕਚਰਾਰ ਅਮਰ ਸਿੰਘ ਸੈਂਪਲਾ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਇੰਚਾਰਜ ਪਰਜਾਪਤੀ ਅਜੀਤ ਸਿੰਘ ਭੈਣੀ ਵਲੋਂ ਬਹੁਜਨ ਸਮਾਜ ਪਾਰਟੀ ਦੀ ਵਿਚਾਰਧਾਰਾ ਬਾਰੇ ਜਾਣਕਾਰੀ ਦਿੱਤੀ ਗਈ। ਬਹੁਜਨ ਸਮਾਜ ਪਾਰਟੀ ਦੇ ਸੂਬਾ ਉਪ ਪ੍ਰਧਾਨ ਬਲਦੇਵ ਸਿੰਘ ਮਹਿਰਾ ਨੇ ਪੱਛੜੇ ਸਮਾਜ ਨੂੰ ਬਹੁਜਨ ਸਮਾਜ ਪਾਰਟੀ ਨਾਲ ਜੁੜਨ ਅਤੇ ਉਨਾਂ ਦੇ ਹਿੱਤ ਬਹੁਜਨ ਸਮਾਜ ਪਾਰਟੀ ਵਿੱਚ ਹੀ ਸੁਰੱਖਿਆ ਹਨ। ਜਿਵੇਂ ਕਿ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਸਾਰਿਆਂ ਸੂਬਿਆਂ ਤੋਂ ਪਹਿਲਾਂ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ।ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਪਟਿਆਲਾ ਜੋਨ ਦੇ ਇੰਚਾਰਜ ਲੈਕਚਰਾਰ ਅਮਰਜੀਤ ਸਿੰਘ ਜਲੂਰ ਸੂਬਾ ਜਨਰਲ ਸਕੱਤਰ ਇੰਚਾਰਜ ਜੋਨ ਪਟਿਆਲਾ ,ਰਾਜਾ ਰਜਿੰਦਰ ਸਿੰਘ ਨਨਹੇੜੀਆਂ ਸੂਬਾ ਜਨਰਲ ਸਕੱਤਰ, ਜੋਗਾ ਸਿੰਘ ਪਨੋਦੀਆ ਸੂਬਾ ਜਨਰਲ ਸਕੱਤਰ ,ਡਾਕਟਰ ਮੱਖਣ ਸਿੰਘ ਸੂਬਾ ਜਨਰਲ ਸਕੱਤਰ, ਜਗਜੀਤ ਸਿੰਘ ਛੜਬੜ ਸੂਬਾ ਜਨਰਲ ਸਕੱਤਰ, ਸ੍ਰੀ ਪਵਿੱਤਰ ਸਿੰਘ ਸੰਗਰੂਰ ਵੱਲੋਂ 78 ਸਾਲਾਂ ਦੀ ਆਜ਼ਾਦੀ ਵਿੱਚ ਅਨੁਸੂਚਿਤ ਜਾਤੀ ਪਛੜੀਆਂ ਸ਼੍ਰੇਣੀਆਂ , ਕਿਸਾਨਾਂ , ਵਪਾਰੀਆਂ ਅਤੇ ਮੁਲਾਜ਼ਮ ਵਰਗ ਨਾਲ ਹੁੰਦੀਆਂ ਜ਼ਿਆਦਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਗਿਆ ਕਿ ਐਸੀ ਆਜ਼ਾਦੀ ਲਈ ਹੀ ਕੀ ਸਾਡੇ ਸੂਰਵੀਰ ਯੋਧਿਆਂ ਨੇ ਸ਼ਹੀਦੀਆਂ ਦਿੱਤੀਆਂ ਸਨ ??ਹੁਣ ਤੱਕ ਦੀਆਂ ਸਰਕਾਰਾਂ ਨੇ ਉਹਨਾਂ ਨੂੰ ਇਨਸਾਫ ਨਹੀਂ ਦਿੱਤਾ ਰੈਲੀ ਤੇ ਪ੍ਰੋਗਰਾਮ ਦੀ ਪ੍ਰਧਾਨਗੀ ਜਿਲਾ ਪ੍ਰਧਾਨ ਮੇਜਰ ਸਿੰਘ ਟਿੱਬੀ ਨੇ ਕੀਤੀ। ਰੈਲੀ ਤੇ ਬਾਅਦ ਧਰਨਾ ਪ੍ਰਦਰਸ਼ਨ ਕਰਕੇ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਚੌਂਕ ਵਿਖੇ ਜਾਮ ਲਗਾਉਣ ਤੋਂ ਬਾਅਦ ਏ ਡੀ ਸੀ ਪਟਿਆਲਾ ਨੇ ਪਹੁੰਚ ਕੇ ਮੰਗ ਪੱਤਰ ਲਿਆ ਅਤੇ ਮੰਗ ਪੱਤਰ ਤੇ ਮੰਗਾਂ ਪੂਰੀਆਂ ਕਰਨ ਲਈ 7 ਦਿਨ ਦਾ ਸਮਾਂ ਦੇਣ ਤੋਂ ਬਾਅਦ ਧਰਨਾ ਚੁੱਕਿਆ ਗਿਆ ਗਿਆ। ਇਸ ਮੌਕੇ ਜ਼ਿਲਾ ਮੀਤ ਪ੍ਰਧਾਨ ਰਾਮ ਲਾਲ ਰਾਠੀਆਂ ਜਿਲਾ ਕੈਸ਼ੀਅਰ ਗੁਰਮੀਤ ਸਿੰਘ ਬਹਾਦਰਗੜ੍ਹ, ਜਿਲਾ ਇੰਚਾਰਜ ਅੰਗਰੇਜ਼ ਸਿੰਘ, ਹਰਦੀਪ ਸਿੰਘ ਚੁੰਬਰ ਪ੍ਰਧਾਨ ਬਾਮਸੇਫ ਜੋਨ ਇੰਚਾਰਜ ਪਟਿਆਲਾ, ਗੁਰਮੱਖ ਸਿੰਘ ਫੱਗਣਮਾਜਰਾ ਬਾਮਸੇਫ, ਗੁਰਪ੍ਰੀਤ ਸਿੰਘ ਗੁਰੂ ਬਾਮਸੇਫ, ਸੁਖਲਾਲ ਜ਼ਿਲਾ ਕੁਆਰਡੀਨੇਟਰ ਸਰਜੀਤ ਸਿੰਘ ਗੋਰੀਆ ਰੂਪ ਸਿੰਘ ਬਠੋਈ, ਪ੍ਰਧਾਨ ਮੋਹਨ ਲਾਲ ਸਮਾਣਾ ,ਜਰਨੈਲ ਸਿੰਘ ਬਿੱਟੂ ਸਮਾਨਾ, ਰਜਿੰਦਰ ਸਿੰਘ ਚੱਪੜ ਪ੍ਰਧਾਨ ਰਾਜਪੁਰਾ, ਗੁਰਦੀਪ ਸਿੰਘ ਜੱਗੀ ਪ੍ਰਧਾਨ ਨਾਭਾ, ਐਡਵੋਕੇਟ ਜਸਪਾਲ ਸਿੰਘ, ਕਮਲਪ੍ਰੀਤ ਸੁਨੀਤਾ ਪ੍ਰਧਾਨ ਲੇਡੀਜ ਵਿੰਗ ਜਿਲਾ ਪਟਿਆਲਾ ਸਤਵੀਰ ਸਿੰਘ ਨਾਈਵਾਲਾ ਗੁਰਦਾਸ ਸਿੰਘ ਘੜਾਮਾ ਜਿਲਾ ਸਕੱਤਰ, ਲਾਲ ਚੰਦ ਸ਼ਹਿਰੀ ਪ੍ਰਧਾਨ, ਰਵੀ ਵਾਲਮੀਕੀ ਦਿਹਾਤੀ, ਕ੍ਰਿਸ਼ਨ ਸਿੰਘ ਸ਼ਤਰਾਣਾ,ਹਰਦੀਪ ਸਿੰਘ ਧਾਲੀਵਾਲ ਪ੍ਰਧਾਨ ਸਨੌਰ ,ਸੁਖਵਿੰਦਰ ਸਿੰਘ ਪ੍ਰਧਾਨ ਘਨੌਰ ਕਰਨੈਲ ਸਿੰਘ ਝਿੱਲ ਆਦਿ ਵੱਡੀ ਗਿਣਤੀ ਵਿੱਚ ਵਰਕਰ ਨੇ ਭਾਗ ਲਿਆ।

# ਮੁਨੀਸ਼ ਸਿਸੋਦੀਆ ਨੇ ਕਿਹਾ ਵਰਕਰ ਪੰਜਾਬ ਅੰਦਰ 2027 ਦੀਆਂ ਚੋਣਾਂ ਜਿੱਤਣ ਲਈ ਜ਼ਬਰਦਸਤੀ, ਪੈਸੇ, ਗੁੰਡਾਗਰਦੀ, ਝੂਠ, ਫਰੇਬ ਵਰਤਣ! ਗਲਤ ਬਿਆਨ ਨਾ ਦੇਣ- ਧਾਮੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 16 ਅਗਸਤ INTERNATIONAL PAPER, 94636 01616 hardipchumber57@gmail.com

ਅੰਮ੍ਰਿਤਸਰ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਮ ਆਦਮੀ ਪਾਰਟੀ ਦੇ ਆਗੂ ਮੁਨੀਸ਼ ਸਿਸੋਦੀਆ ਵੱਲੋਂ ਪੰਜਾਬ ਅੰਦਰ 2027 ਦੀਆਂ ਚੋਣਾਂ ਜਿੱਤਣ ਲਈ ਜ਼ਬਰਦਸਤੀ, ਪੈਸੇ, ਗੁੰਡਾਗਰਦੀ, ਝੂਠ, ਫਰੇਬ ਆਦਿ ਦਾ ਸਹਾਰਾ ਲੈਣ ਲਈ ਵਰਕਰਾਂ ਨੂੰ ਉਕਸਾਉਣ ਦੇ ਦਿੱਤੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਗੁਰੂ ਸਾਹਿਬਾਨ ਦੀ ਧਰਤੀ ਪੰਜਾਬ ਦੇ ਪਵਿੱਤਰ ਇਤਿਹਾਸ ਤੇ ਵਿਰਾਸਤ ਨੂੰ ਖੰਡਤ ਕਰਨ ਵਾਲੀ ਹਰਕਤ ਹੈ। ਉਨ੍ਹਾਂ ਕਿਹਾ ਕਿ ਸਿਸੋਦੀਆ ਦੇ ਇਸ ਪ੍ਰਗਟਾਵੇ ਨਾਲ ਆਮ ਆਦਮੀ ਪਾਰਟੀ ਦਾ ਅਸਲ ਚਿਹਰਾ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੀ ਆਪਣੀ ਇਤਿਹਾਸਕ ਮਹੱਤਤਾ ਅਤੇ ਸੱਭਿਆਚਾਰਕ ਤੇ ਧਾਰਮਿਕ ਖਾਸਾ ਹੈ। ਪੰਜਾਬ ਗੁਰੂਆਂ ਦੇ ਨਾਂ 'ਤੇ ਵੱਸਦਾ ਹੈ ਅਤੇ ਇਥੇ ਦਾ ਹਰ ਕੋਨਾ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ ਹੋਣ ਕਰਕੇ ਇਕ ਸ਼ਾਨਾਂਮੱਤੀ ਵਿਰਾਸਤ ਨਾਲ ਬੱਝਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਬਖ਼ਸ਼ੀ ਵਿਚਾਰਧਾਰਾ ਪੂਰੀ ਦੁਨੀਆਂ ਨੂੰ ਹੱਕ, ਸੱਚ, ਇਮਾਨਦਾਰੀ, ਭਾਈਚਾਰਕ ਸਾਂਝ, ਕਿਰਤ ਕਰਨ, ਵੰਡ ਛਕਣ ਅਤੇ ਰਿਸ਼ਤਿਆਂ ਦੀ ਪਵਿੱਤਰਤਾ ਜਿਹੇ ਸਮਾਜਿਕ ਗੁਣਾਂ ਨਾਲ ਲਬਰੇਜ਼ ਹੈ।

ਰਾਜਨੀਤੀ ਦੇ ਖੇਤਰ ਅੰਦਰ ਵੀ ਇਹੀ ਕਦਰਾਂ-ਕੀਮਤਾਂ ਪੰਜਾਬ ਦਾ ਹਾਸਲ ਹਨ। ਉਨ੍ਹਾਂ ਆਖਿਆ ਕਿ ਆਮ ਆਦਮ ਪਾਰਟੀ ਇਹ ਕਦੇ ਨਾ ਭੁੱਲੇ ਕਿ ਲੁੱਟ ਖਸੁੱਟ ਕਰਨ ਆਏ ਧਾੜਵੀਆਂ ਨੂੰ ਹਮੇਸ਼ਾ ਪੰਜਾਬ ਤੋਂ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਅਜਿਹੇ ਵਿਚਾਰ ਨੂੰ ਕਦੇ ਵੀ ਪ੍ਰਵਾਨ ਨਹੀਂ ਕਰਨਗੇ, ਜਿਸ ਨਾਲ ਸਮਾਜ ਗੰਧਲਾ ਹੋਵੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ, ਜਿਸ ਨੂੰ ਕਲੰਕਤ ਕਰਨ ਵਾਲੀ ਵਿਚਾਰਧਾਰਾ ਦਾ ਵਿਰੋਧ ਕਰਨਾ ਹਰ ਪੰਜਾਬੀ ਦਾ ਧਰਮ-ਕਰਮ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਦੇ ਮੁਖੀ ਹੁੰਦਿਆਂ ਉਹ ਅਜਿਹੀ ਬਿਆਨਬਾਜ਼ੀ ਦੀ ਕਰੜੀ ਨਿੰਦਾ ਕਰਦੇ ਹਨ।



ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਇਤਿਹਾਸਕ ਖਾਸੇ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਅਜਿਹੇ ਲੋਕਾਂ ਅਤੇ ਸ਼ਕਤੀਆਂ ਦਾ ਕਰੜਾ ਵਿਰੋਧ ਕਰਨ, ਤਾਂ ਜੋ ਅੱਗੇ ਤੋਂ ਕੋਈ ਅਜਿਹੀ ਹਰਕਤ ਕਰਨ ਤੋਂ ਪਹਿਲਾਂ ਸੌ ਵਾਰ ਸੋਚੇ।

# ਸਰਕਾਰੀ ਬੱਸਾਂ, PRTC ਅਤੇ ਪਨਬੱਸ ਮੁਲਾਜ਼ਮਾਂ ਦੀ ਹੜਤਾਲ ਖ਼ਤਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 16 ਅਗਸਤ INTERNATIONAL PAPER, 94636 01616 hardipchumber57@gmail.com

ਪੀਆਰਟੀਸੀ ਅਤੇ ਪਨਬੱਸ ਦੇ ਕੱਚੇ ਕਾਮਿਆਂ ਦੀ ਹੜਤਾਲ ਖ਼ਤਮ ਹੋ ਗਈ ਹੈ। ਇਹ ਫ਼ੈਸਲਾ ਸਰਕਾਰ ਵਲੋਂ ਪੱਤਰ ਮਿਲਣ ਤੋਂ ਬਾਅਦ ਲਿਆ ਹੈ। ਦੱਸਣਾ ਬਣਦਾ ਹੈ ਕਿ ਪੰਜਾਬ ਰੋਡਵੇਜ਼, ਪਨਬੱਸ ਤੇ ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ 25/11 ਵਲੋਂ ਯੂਨੀਅਨ ਦੇ ਸੂਬਾਈ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਪੰਨੂੰ ਦੀ ਅਗਵਾਈ ਵਿਚ ਅੱਜ ਪੀ.ਆਰ.ਟੀ.ਸੀ. ਦੇ ਕੱਚੇ ਮੁਲਾਜ਼ਮਾਂ ਨੇ ਬੱਸਾਂ ਦਾ ਤੀਜੇ ਦਿਨ ਵੀ ਚੱਕਾ ਜਾਮ ਕਰਕੇ ਪਨਬੱਸ ਦੇ ਏ.ਡੀ.ਓ. ਰਾਜੀਵ ਦੱਤਾ ਦਾ ਪੁਤਲਾ ਸਾੜਿਆ ਤੇ ਨਾਅਰੇਬਾਜ਼ੀ ਕੀਤੀ ਸੀ।

ਇਸ ਸਬੰਧੀ ਗੁਰਪ੍ਰੀਤ ਸਿੰਘ ਪੰਨੂੰ ਨੇ ਦੱਸਿਆ ਕਿ ਬੀਤੇ ਦਿਨ ਯੂਨੀਅਨ ਦੀ ਪੰਜਾਬ ਦੇ ਮੁੱਖ ਸਕੱਤਰ, ਟਰਾਂਸਪੋਰਟ ਵਿਭਾਗ ਦੇ ਸਕੱਤਰ, ਪਨਬੱਸ ਦੇ ਐਮ.ਡੀ. ਤੇ ਪੀ.ਆਰ.ਟੀ.ਸੀ. ਦੇ ਐਮ.ਡੀ. ਨਾਲ ਚੰਡੀਗੜ੍ਹ ਵਿਚ ਮੀਟਿੰਗ ਹੋਈ ਸੀ ਤੇ ਮੀਟਿੰਗ ਵਿਚ ਜਿਹੜੀਆਂ ਮੰਗਾਂ 'ਤੇ ਸਹਿਮਤੀ ਹੋਈ ਸੀ, ਉਨ੍ਹਾਂ ਮੰਗਾਂ ਸਬੰਧੀ ਸਹਿਮਤੀ ਪੱਤਰ ਵੀ ਦੇਰੀ ਨਾਲ ਜਾਰੀ ਕੀਤਾ ਗਿਆ ਤੇ ਜਿਹੜਾ ਪੱਤਰ ਜਾਰੀ ਕੀਤਾ ਗਿਆ ਹੈ, ਉਸ ਵਿਚ ਹੇਰ-ਫੇਰ ਕੀਤਾ ਗਿਆ ਹੈ।

ਅੱਜ ਦੀ ਹੋਈ ਮੀਟਿੰਗ ਵਿਚ ਅਧਿਕਾਰੀਆਂ ਨੇ ਯੂਨੀਅਨ ਆਗੂਆਂ ਨੂੰ ਭਰੋਸਾ ਦਿਵਾਇਆ ਸੀ ਕਿ ਲਗਭਗ 10 ਦਿਨਾਂ ਦੌਰਾਨ ਉਨ੍ਹਾਂ ਦੀਆਂ ਰਹਿੰਦੀਆਂ ਮੰਗਾਂ 'ਤੇ ਟਰਾਂਸਪੋਰਟ ਮੰਤਰੀ ਨਾਲ ਵਿਚਾਰ ਕਰਕੇ ਉਨ੍ਹਾਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਏ.ਡੀ.ਓ. ਨੇ ਜਿਹੜਾ ਪੱਤਰ ਜਾਰੀ ਕੀਤਾ ਹੈ, ਉਸ 'ਤੇ ਮੰਗਾਂ ਮੰਨਣ ਦੀ ਮਿਤੀ ਇਕ ਮਹੀਨਾਂ ਦੱਸੀ ਗਈ ਹੈ ਪਰ ਮੁਲਾਜ਼ਮਾਂ ਨੇ ਏ.ਡੀ.ਓ. ਵਲੋਂ ਜਾਰੀ ਕੀਤੇ ਗਏ ਪੱਤਰ 'ਤੇ ਅਸਹਿਮਤੀ ਜ਼ਾਹਿਰ ਕਰਦਿਆਂ ਅੱਜ ਤੀਜੇ ਦਿਨ ਵੀ ਬੱਸਾਂ ਦਾ ਚੱਕਾ ਜਾਮ ਕੀਤਾ ਹੈ।

# ਜੰਗ ਦੇ ਮੁੱਖ ਕਾਰਨਾਂ ਨੂੰ ਖਤਮ ਕਰਨ ਦੀ ਜ਼ਰੂਰਤ - ਪੁਤਿਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 94636 01616
hardipchumber57@gmail.com

ਪੁਤਿਨ ਨੇ ਕਿਹਾ ਕਿ ਉਨ੍ਹਾਂ ਦੀ ਚਰਚਾ ਦਾ ਕੇਂਦਰੀ ਮੁੱਦਾ ਯੂਕਰੇਨ ਜੰਗ ਸੀ।


ਉਨ੍ਹਾਂ ਕਿਹਾ, “ਸਥਾਈ ਅਤੇ ਲੰਬੇ ਸਮੇਂ ਦੇ ਸਮਝੌਤੇ ਲਈ ਸਾਨੂੰ ਜੰਗ ਦੇ ਮੁੱਖ ਕਾਰਨਾਂ ਨੂੰ ਖਤਮ ਕਰਨ ਦੀ ਜ਼ਰੂਰਤ ਹੈ।” ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ‘ਕਾਰਨਾਂ’ ਤੋਂ ਉਨ੍ਹਾਂ ਦਾ ਮਤਲਬ ਕਿਸ ਗੱਲ ਤੋਂ ਹੈ।

ਨਾਲ ਹੀ ਉਨ੍ਹਾਂ ਇਹ ਵੀ ਕਹਿ ਦਿੱਤਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਯੂਕਰੇਨੀ ਅਤੇ ਯੂਰਪੀ ਇਸ ਸ਼ਾਂਤੀ ਪ੍ਰਕਿਰਿਆ ਵਿੱਚ “ਰੁਕਾਵਟ ਨਹੀਂ ਪਾਉਣਗੇ”।

ਇਸ ਦੌਰਾਨ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਦਾ ਧੰਨਵਾਦ ਕਰਦਿਆਂ ਕਿਹਾ, “ਮੈਂ ਸ਼ੁਭਚਿੰਤਕ ਵਜੋਂ ਅੱਗੇ ਆਉਣ ਲਈ ਟਰੰਪ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।”

ਉਨ੍ਹਾਂ ਕਿਹਾ, “ਟਰੰਪ ਨੂੰ ਸਪੱਸ਼ਟ ਤੌਰ ‘ਤੇ ਆਪਣੇ ਦੇਸ਼ ਦੀ ਖੁਸ਼ਹਾਲੀ ਦੀ ਪਰਵਾਹ ਹੈ। ਪਰ ਉਹ ਇਹ ਵੀ ਸਮਝਦੇ ਹਨ ਕਿ ਰੂਸ ਦੇ ਆਪਣੇ ਹਿੱਤ ਹਨ।”

ਪੁਤਿਨ ਨੇ ਟਰੰਪ ਨਾਲ ਆਪਣੇ ਸਬੰਧਾਂ ਨੂੰ “ਕਾਰੋਬਾਰੀ” ਦੱਸਿਆ ਅਤੇ ਟਰੰਪ ਦੇ ਇਸ ਦਾਅਵੇ ਨਾਲ ਸਹਿਮਤੀ ਪ੍ਰਗਟਾਈ ਕਿ ਜੇਕਰ



ਉਹ 2020 ਦੀਆਂ ਚੋਣਾਂ ਤੋਂ ਬਾਅਦ ਵੀ ਅਹੁਦੇ ‘ਤੇ ਬਣੇ ਰਹਿੰਦੇ ਤਾਂ ਜੰਗ ਸ਼ੁਰੂ ਨਾ ਹੁੰਦੀ।

# ਟਰੰਪ ਤੇ ਪੁਤਿਨ ਦੀ 3 ਘੰਟੇ ਚੱਲੀ ਬੈਠਕ ਵਿੱਚ ਰੂਸ-ਯੂਕਰੇਨ ਜੰਗ ਬਾਰੇ ਕੀ ਨਿਕਲਿਆ,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 94636 01616
hardipchumber57@gmail.com




ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵਿਚਕਾਰ ਅਮਰੀਕਾ ਦੇ ਅਲਾਸਕਾ ‘ਚ ਹੋਈ ਯੂਕਰੇਨ ਜੰਗ ਸਬੰਧੀ ਮੀਟਿੰਗ ਬੇਨਤੀਜਾ ਰਹੀ ਹੈ।

ਹਾਲਾਂਕਿ ਦੋਵਾਂ ਲੀਡਰਾਂ ਦਾ ਕਹਿਣਾ ਹੈ ਕਿ ਇਹ ਮੀਟਿੰਗ ਚੰਗੀ ਰਹੀ ਪਰ ਫਿਲਹਾਲ ਕੋਈ ਡੀਲ ਨਹੀਂ ਹੋ ਸਕੀ।

ਦੱਸ ਦੇਈਏ ਕਿ ਯੂਕਰੇਨ ਵਿੱਚ ਜੰਗ ਖ਼ਤਮ ਕਰਨ ‘ਤੇ ਚਰਚਾ ਸਣੇ ਅਮਰੀਕਾ ਅਤੇ ਰੂਸ ਵਿਚਕਾਰ ਹੋਰ ਮੁੱਦਿਆਂ ‘ਤੇ ਗੱਲਬਾਤ ਲਈ ਅਮਰੀਕਾ ਅਤੇ ਰੂਸ ਵਿਚਕਾਰ ਬੈਠਕ ਭਾਰਤੀ ਸਮੇਂ ਅਨੁਸਾਰ 15 ਅਤੇ 16 ਅਗਸਤ ਦੀ ਦਰਮਿਆਨੀ ਰਾਤ ਲਗਭਗ 1 ਵਜੇ ਦੇ ਕਰੀਬ ਹੋਈ।

ਇਸ ਬੈਠਕ ਵਿੱਚ ਯੂਕਰੇਨ ‘ਚ ਜੰਗ ਰੋਕਣ ਸਬੰਧੀ ਕੋਈ ਫੈਸਲਾ ਨਹੀਂ ਹੋ ਸਕਿਆ ਹੈ ਪਰ ਦੋਵਾਂ ਲੀਡਰਾਂ ਨੇ ਬੈਠਕ ਤੋਂ ਬਾਅਦ ਇੱਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ ਅਤੇ ਦੱਸਿਆ ਕਿ ਬੈਠਕ ਚੰਗੀ ਰਹੀ ਤੇ ਅੱਗੇ ਇਸ ਸਬੰਧੀ ਹੋਰ ਬੈਠਕ ਕੀਤੀ ਜਾਵੇਗੀ।

ਬੈਠਕ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ ‘ਤੇ ਲਿਖਿਆ ਸੀ, ‘’ਬਹੁਤ ਕੁਝ ਦਾਅ ‘ਤੇ ਹੈ।’’

ਇਸਦੇ ਨਾਲ ਹੀ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਵੀ ਐਕਸ ‘ਤੇ ਇੱਕ ਪੋਸਟ ‘ਚ ਲਿਖਿਆ ਸੀ, ‘’ਯੂਕਰੇਨ ਅਮਰੀਕਾ ‘ਤੇ ਭਰੋਸਾ ਕਰ ਰਿਹਾ ਹੈ।’’

ਇਸ ਮੀਟਿੰਗ ਦੇ ਰਾਜਨੀਤਿਕ ਅਤੇ ਕੂਟਨੀਤਕ ਸੰਕੇਤ ਭਾਰਤ ਲਈ ਵੀ ਮਹੱਤਵਪੂਰਨ ਹਨ, ਕਿਉਂਕਿ ਬੈਠਕ ਤੋਂ ਪਹਿਲਾਂ ਟਰੰਪ ਨੇ ਰੂਸ ਤੋਂ ਭਾਰਤ ਦੇ ਤੇਲ ਦਰਾਮਦ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਬਿਆਨ ਦਿੱਤਾ ਸੀ।

ਮਾਹਰਾਂ ਦਾ ਮੰਨਣਾ ਹੈ ਕਿ ਇਹ ਦਬਾਅ ਟਰੰਪ ਦੀ ਭਾਰਤ ਰਾਹੀਂ ਰੂਸ ਨੂੰ ਸੁਨੇਹਾ ਭੇਜਣ ਦੀ ਰਣਨੀਤੀ ਦਾ ਹਿੱਸਾ ਹੈ।

# ਮੁੱਛਾਂ ਅਤੇ ਦਾੜ੍ਹੀ ਰੱਖਣ ‘ਤੇ ਦਲਿਤ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ, ਸਹੁਰੇ ਦੀ ਹਾਲਤ ਗੰਭੀਰ - ਜਾਣੋ ਜੂਨਾਗੜ੍ਹ ਦਾ ਪੂਰਾ ਮਾਮਲਾ

## ਜੂਨਾਗੜ੍ਹ ਜ਼ਿਲ੍ਹੇ ਵਿੱਚ ਪੰਜ ਉੱਚ ਜਾਤੀ ਦੇ ਲੋਕਾਂ ਨੇ ਇੱਕ ਦਲਿਤ ਨੌਜਵਾਨ ਅਤੇ ਉਸਦੇ ਸਹੁਰੇ ਦੀ ਮੁੱਛਾਂ ਅਤੇ ਦਾੜ੍ਹੀ ਰੱਖਣ ‘ਤੇ ਕੁੱਟਮਾਰ ਕੀਤੀ, ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 94636 01616
hardipchumber57@gmail.com

ਰਾਜਕੋਟ: ਜੂਨਾਗੜ੍ਹ ਜ਼ਿਲ੍ਹੇ ਦੇ ਵਿਸਾਵਦਰ ਤਾਲੁਕਾ ਦੇ ਵਜਾਲੀ ਪਿੰਡ ਵਿੱਚ ਪੰਜ ਉੱਚ ਜਾਤੀ ਦੇ ਬੰਦਿਆਂ ਨੇ ਕਥਿਤ ਤੌਰ ‘ਤੇ ਇੱਕ 27 ਸਾਲਾ ਦਲਿਤ ਨੌਜਵਾਨ ਦੀ ਕੁੱਟਮਾਰ ਕੀਤੀ ਅਤੇ ਉਸ ‘ਤੇ ਜਾਤੀਗਤ ਗਾਲ੍ਹਾਂ ਕੱਢੀਆਂ ਕਿਉਂਕਿ ਉਸ ਨੇ ਮੁੱਛਾਂ ਅਤੇ ਦਾੜ੍ਹੀ ਵਧਾ ਲਈ ਸੀ। ਇਹ ਘਟਨਾ 11 ਅਗਸਤ ਨੂੰ ਵਾਪਰੀ ਸੀ, ਪਰ ਇਹ ਮਾਮਲਾ ਉਦੋਂ ਹੀ ਸਾਹਮਣੇ ਆਇਆ ਜਦੋਂ ਪੀੜਤ ਸਾਗਰ ਮਕਵਾਨਾ ਨੇ ਮੰਗਲਵਾਰ ਨੂੰ ਪੁਲਿਸ ਸ਼ਿਕਾਇਤ ਦਰਜ ਕਰਵਾਈ।

ਸਾਗਰ ਮਕਵਾਨਾ ਦੇ ਸਹੁਰੇ ਜੀਵਨ ਕਰਸਨ ਹਮਲੇ ਵਿੱਚ ਗੰਭੀਰ ਜ਼ਖਮੀ ਹੋ ਗਏ ਸਨ ਅਤੇ ਉਨ੍ਹਾਂ ਨੂੰ ਜੂਨਾਗੜ੍ਹ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਘਟਨਾ ਕਿਵੇਂ ਵਾਪਰੀ




ਐਫਆਈਆਰ ਦੇ ਅਨੁਸਾਰ, ਮੰਗਾਨਾਥ ਪਿਪਲੀ ਪਿੰਡ ਦਾ ਰਹਿਣ ਵਾਲਾ ਸਾਗਰ ਮਕਵਾਨਾ ਆਪਣੇ ਖਰਾਬ ਮੋਟਰਸਾਈਕਲ ਨੂੰ ਖਿੱਚ ਕੇ ਵਜਾਲੀ ਪਿੰਡ ਵਿੱਚੋਂ ਲੰਘ ਰਿਹਾ ਸੀ ਜਦੋਂ ਸ਼ੈਲੇਸ਼ ਜੇਬਾਲੀਆ ਅਤੇ ਲਾਲੋ ਭੂਪਤ ਕਾਠੀ ਦਰਬਾਰ ਨੇ ਉਸਨੂੰ ਰੋਕਿਆ। ਦੋਸ਼ ਹੈ ਕਿ ਦੋਵਾਂ ਨੇ ਉਸਦੀ ਮੁੱਛਾਂ ਅਤੇ ਦਾੜ੍ਹੀ ‘ਤੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਜਾਤੀ ਦੇ ਲੋਕ ਉੱਚ ਜਾਤੀ ਦਾ ਰੂਪ ਨਹੀਂ ਰੱਖ ਸਕਦੇ। ਫਿਰ ਉਨ੍ਹਾਂ ਨੇ ਉਸ ‘ਤੇ ਜਾਤੀਗਤ ਗਾਲ੍ਹਾਂ ਕੱਢੀਆਂ ਅਤੇ ਉਸਨੂੰ ਅਜਿਹਾ ਨਾ ਕਰਨ ਦੀ ਚੇਤਾਵਨੀ ਦਿੱਤੀ।

ਜਦੋਂ ਝਗੜਾ ਵਧ ਗਿਆ ਅਤੇ ਦੋਵੇਂ ਇੱਕ ਦੂਜੇ ਨੂੰ ਕੁੱਟਣ ਲੱਗੇ, ਤਾਂ ਸਾਗਰ ਕਿਸੇ ਤਰ੍ਹਾਂ ਭੱਜਣ ਵਿੱਚ ਕਾਮਯਾਬ ਹੋ ਗਿਆ ਅਤੇ ਨੇੜੇ ਹੀ ਆਪਣੇ ਸਹੁਰੇ ਘਰ ਪਹੁੰਚ ਗਿਆ। ਕਰਸਨ ਨੇ ਸੁਝਾਅ ਦਿੱਤਾ ਕਿ ਉਹ ਜੇਬਲੀਆ ਨਾਲ ਗੱਲ ਕਰਨ ਅਤੇ ਮਾਮਲਾ ਸੁਲਝਾਉਣ। ਪਰ ਜਦੋਂ ਉਹ ਉੱਥੇ ਪਹੁੰਚੇ, ਤਾਂ ਭੂਪਤ ਤਿੰਨ ਹੋਰ ਅਣਪਛਾਤੇ ਬੰਦਿਆਂ ਨਾਲ ਇੱਕ ਕਾਰ ਵਿੱਚ ਪਹੁੰਚਿਆ। ਪੰਜਾਂ ਨੇ ਦੋਵਾਂ ਨਾਲ ਬਦਸਲੂਕੀ ਕੀਤੀ ਅਤੇ ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਟਿਆ।

ਜਦੋਂ ਪਿੰਡ ਵਾਸੀ ਮੌਕੇ ‘ਤੇ ਇਕੱਠੇ ਹੋਣ ਲੱਗੇ ਤਾਂ ਦੋਸ਼ੀ ਉੱਥੋਂ ਭੱਜ ਗਏ। ਇਸ ਤੋਂ ਬਾਅਦ ਸਥਾਨਕ ਲੋਕ ਦੋਵਾਂ ਜ਼ਖਮੀਆਂ ਨੂੰ ਹਸਪਤਾਲ ਲੈ ਗਏ। ਡਾਕਟਰਾਂ ਅਨੁਸਾਰ ਕਰਸਨ ਦੀ ਹਾਲਤ ਨਾਜ਼ੁਕ ਹੈ।

ਪੁਲਿਸ ਕਾਰਵਾਈ

ਵਿਸਾਵਦਰ ਦੇ ਸਹਾਇਕ ਪੁਲਿਸ ਸੁਪਰਡੈਂਟ ਰੋਹਿਤ ਕੁਮਾਰ ਨੇ ਕਿਹਾ ਕਿ ਦੋਸ਼ੀ ਕਰਸਨ ਦੇ ਪਿੰਡ ਦੇ ਹਨ। ਉਨ੍ਹਾਂ ਕਿਹਾ, “ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਇੱਕ ਟੀਮ ਬਣਾਈ ਗਈ ਹੈ, ਉਨ੍ਹਾਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ। ਸਾਗਰ ਮਕਵਾਨਾ ਇੱਕ ਖੇਤੀਬਾੜੀ ਮਜ਼ਦੂਰ ਹੈ।”

ਪੁਲਿਸ ਨੇ ਇਸ ਮਾਮਲੇ ਵਿੱਚ ਭਾਰਤੀ ਦੰਡਾਵਲੀ (BNS) ਦੇ ਨਾਲ-ਨਾਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਦੀਆਂ ਹਮਲਾ, ਗੈਰ-ਕਾਨੂੰਨੀ ਇਕੱਠ ਅਤੇ ਦੰਗੇ ਨਾਲ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।

# ਦੇਵਾਸ, ਮੱਧ ਪ੍ਰਦੇਸ਼ ਵਿੱਚ ਦਲਿਤ ਨੌਜਵਾਨਾਂ ‘ਤੇ ਥਰਡ ਡਿਗਰੀ ਤਸ਼ੱਦਦ ਦਾ ਦੋਸ਼ - ਨਹੁੰ ਵੀ ਤੋੜ ਦਿੱਤੇ ਗਏ, ਪੁਲਿਸ ਨੂੰ ਜਾਂਚ ਦੇ ਹੁਕਮ

## ਦੇਵਾਸ ਵਿੱਚ ਹਿਰਾਸਤ ਵਿੱਚ ਤਿੰਨ ਦਲਿਤ ਨੌਜਵਾਨਾਂ ‘ਤੇ ਥਰਡ ਡਿਗਰੀ ਤਸ਼ੱਦਦ ਦਾ ਦੋਸ਼; ਪਰਿਵਾਰਾਂ ਨੇ ਨਹੁੰ ਵੀ ਤੋੜਨ ਦੇ ਗੰਭੀਰ ਦੋਸ਼ ਲਗਾਏ, ਐਸਪੀ ਨੇ ਸੁਤੰਤਰ ਜਾਂਚ ਦਾ ਭਰੋਸਾ ਦਿੱਤਾ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 94636 01616
hardipchumber57@gmail.com



ਦੇਵਾਸ (ਮੱਧ ਪ੍ਰਦੇਸ਼): ਮੱਧ ਪ੍ਰਦੇਸ਼ ਪੁਲਿਸ ਨੇ ਦੇਵਾਸ ਜ਼ਿਲ੍ਹੇ ਵਿੱਚ ਤਿੰਨ ਦਲਿਤ ਨੌਜਵਾਨਾਂ ‘ਤੇ ਹਮਲੇ ਅਤੇ ਤਸ਼ੱਦਦ ਦੇ ਦੋਸ਼ਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ, ਜੋ ਕਥਿਤ ਤੌਰ ‘ਤੇ ਪੁਲਿਸ ਹਿਰਾਸਤ ਵਿੱਚ ਹਨ।

ਮੁਲਜ਼ਮ - ਰਵੀ ਅਜਮੇਰੀ (21), ਰਿਤੇਸ਼ ਅਜਮੇਰੀ (23) ਅਤੇ ਰਿਤੇਸ਼ ਸਿਨਾਮ (23) - ਨੂੰ 6 ਅਗਸਤ ਨੂੰ ਸ਼ਹਿਰ ਦੇ ਉਦਯੋਗਿਕ ਖੇਤਰ ਵਿੱਚ ਦੋ ਮੂਰਤੀ ਨਿਰਮਾਣ ਕੇਂਦਰਾਂ ਵਿੱਚ ਧਾਰਮਿਕ ਮੂਰਤੀਆਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇੱਕ ਦਿਨ ਪਹਿਲਾਂ, ਭਗਵਾਨ ਗਣੇਸ਼ ਅਤੇ ਇੱਕ ਦੇਵੀ ਦੀਆਂ ਮੂਰਤੀਆਂ ਟੁੱਟੀਆਂ ਹੋਈਆਂ ਮਿਲੀਆਂ ਸਨ।

ਪੁਲਿਸ ਨੇ ਕਿਹਾ ਕਿ ਆਸ ਪਾਸ ਦੇ 50 ਤੋਂ ਵੱਧ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਸਕੈਨ ਕਰਨ ਤੋਂ ਬਾਅਦ ਦੋਸ਼ੀਆਂ ਦੀ ਪਛਾਣ ਕੀਤੀ ਗਈ। ਗ੍ਰਿਫ਼ਤਾਰੀ ਤੋਂ ਬਾਅਦ, ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਫਿਰ ਜੇਲ੍ਹ ਭੇਜ ਦਿੱਤਾ ਗਿਆ।

ਹਾਲਾਂਕਿ, ਜ਼ਮਾਨਤ ਮਿਲਣ ਤੋਂ ਬਾਅਦ, ਮੁਲਜ਼ਮਾਂ ਦੇ ਪਰਿਵਾਰਾਂ ਨੇ ਪੁਲਿਸ ‘ਤੇ ਉਨ੍ਹਾਂ ਨੂੰ ਥਰਡ-ਡਿਗਰੀ ਤਸ਼ੱਦਦ ਕਰਨ ਦਾ ਦੋਸ਼ ਲਗਾਇਆ, ਜਿਸ ਵਿੱਚ ਨਹੁੰ ਤੋੜਨਾ ਵੀ ਸ਼ਾਮਲ ਸੀ।

ਮੱਧ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਅਰੁਣ ਯਾਦਵ ਨੇ ਸੋਸ਼ਲ ਮੀਡੀਆ ‘ਤੇ ਕਥਿਤ ਪੀੜਤਾਂ ਦੀਆਂ ਵੀਡੀਓ ਸਾਂਝੀਆਂ ਕੀਤੀਆਂ ਅਤੇ ਲਿਖਿਆ, “ਦੇਵਾਸ ਦੇ ਬਾਵੜੀਆ ਪੁਲਿਸ ਸਟੇਸ਼ਨ ਵਿੱਚ 3 ਮਾਸੂਮ ਦਲਿਤ ਬੱਚਿਆਂ - ਰਿਤੇਸ਼, ਰਵੀ ਅਤੇ ਰਿਤੇਸ਼ - ਨੂੰ ਬੇਰਹਿਮੀ ਨਾਲ ਕੁੱਟਿਆ ਗਿਆ, ਥਰਡ-ਡਿਗਰੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ, ਇੱਥੋਂ ਤੱਕ ਕਿ ਉਨ੍ਹਾਂ ਦੇ ਨਹੁੰ ਵੀ ਤੋੜ ਦਿੱਤੇ ਗਏ। ਜਦੋਂ ਕੋਈ ਸਬੂਤ ਨਹੀਂ ਹੈ ਤਾਂ ਅਜਿਹਾ ਅਣਮਨੁੱਖੀ ਤਸ਼ੱਦਦ ਕਿਉਂ? ਡੀਜੀਪੀ ਸਾਹਿਬ, ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਤੁਰੰਤ ਮੁਅੱਤਲ ਕਰੋ, ਉੱਚ ਪੱਧਰੀ ਜਾਂਚ ਦਾ ਗਠਨ ਕਰੋ ਅਤੇ ਦਲਿਤ ਬੱਚਿਆਂ ਨੂੰ ਇਨਸਾਫ਼ ਦਿਵਾਓ।” ਮੀਡੀਆ ਨਾਲ ਗੱਲ ਕਰਦੇ ਹੋਏ ਦੇਵਾਸ ਦੇ ਐਸਪੀ ਪੁਨੀਤ ਗਹਿਲੋਤ ਨੇ ਕਿਹਾ ਕਿ ਮਾਮਲੇ ਦੀ ਸੁਤੰਤਰ ਜਾਂਚ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਕਿਹਾ, “ਦੋਸ਼ੀਆਂ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪਿਆ। ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ, ਡਾਕਟਰੀ ਜਾਂਚ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕੀਤਾ ਅਤੇ ਫਿਰ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ। ਜ਼ਮਾਨਤ ਤੋਂ ਬਾਅਦ, ਉਹ ਦੋਸ਼ ਲਗਾ ਰਹੇ ਹਨ ਕਿ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ।” ਐਸਪੀ ਗਹਿਲੋਤ ਨੇ ਦਾਅਵਾ ਕੀਤਾ ਕਿ ਗ੍ਰਿਫ਼ਤਾਰੀ ਠੋਸ ਸਬੂਤਾਂ ਦੇ ਆਧਾਰ ‘ਤੇ ਕੀਤੀ ਗਈ ਸੀ। ਉਨ੍ਹਾਂ ਕਿਹਾ, “ਉਨ੍ਹਾਂ ਨੂੰ ਮੂਰਤੀ ਤੋੜਨ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਸੀਸੀਟੀਵੀ ਫੁਟੇਜ ਦੇ ਆਧਾਰ ‘ਤੇ ਉਨ੍ਹਾਂ ਦੀ ਸ਼ਮੂਲੀਅਤ ਪਾਈ ਗਈ ਸੀ। ਪਰਿਵਾਰ ਦੋਸ਼ ਲਗਾ ਰਿਹਾ ਹੈ ਅਤੇ ਅਸੀਂ ਇਸ ਦੀ ਸੁਤੰਤਰ ਜਾਂਚ ਕਰਾਂਗੇ।”

ਜਾਂਚ ਵਿੱਚ ਇਹ ਪਤਾ ਲੱਗੇਗਾ ਕਿ ਕੀ ਬਾਵੜੀਆ ਪੁਲਿਸ ਸਟੇਸ਼ਨ ਵਿੱਚ ਹਿਰਾਸਤ ਦੌਰਾਨ ਪੁਲਿਸ ਵਾਲਿਆਂ ਦੁਆਰਾ ਸੱਚਮੁੱਚ ਕਿਸੇ ਕਿਸਮ ਦਾ ਹਮਲਾ ਜਾਂ ਤਸ਼ੱਦਦ ਕੀਤਾ ਗਿਆ ਸੀ।

# ਐਸ.ਸੀ.ਈ.ਆਰ.ਟੀ ਵੱਲੋਂ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਤਹਿਤ ਦੋ ਰੋਜ਼ਾ ਓਰੀਐਂਨਟੇਸ਼ਨ ਦਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 94636 01616
hardipchumber57@gmail.com



ਸੰਗਰੂਰ,16 ਅਗਸਤ (ਜਗਸੀਰ ਲੌਂਗੋਵਾਲ) - ਪੰਜਾਬ ਸਰਕਾਰ ਸਿੱਖਿਆ ਵਿਭਾਗ ਦੀ ਸਿੱਖਿਅਤ ਪੰਜਾਬ ਵਿਕਸਿਤ ਪੰਜਾਬ ਦੀ ਸੋਚ ਤਹਿਤ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਡਾਇਰੈਕਟਰ ਕਿਰਨ ਸ਼ਰਮਾ ਦੀ ਅਗਵਾਈ ਹੇਠ ਸਹਾਇਕ ਡਾਇਰੈਕਟਰ ਡਾ. ਬੂਟਾ ਸਿੰਘ ਸੇਖੋ, ਨੋਡਲ ਅਫ਼ਸਰ ਸੁਨੀਲ ਕੁਮਾਰ ਦੀ ਰਹਿਨੁਮਾਈ ਹੇਠ ਐਸ ਐਸ.ਸੀ.ਈ.ਆਰ. ਟੀ ਸਹਿਯੋਗੀ ਟੀਮ ਸੰਦੀਪ ਕੁਮਾਰ, ਮੈਡਮ ਅੰਜੂ ਮੈਡਮ ਰਮਨ ਯੋਜਨਾ ਪ੍ਰਬੰਧ ਦੇ ਸਹਿਯੋਗ ਨਾਲ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਤਹਿਤ ਦੋ ਰੋਜ਼ਾ ਓਰੀਐਂਨਟੇਸ਼ਨ ਦਾ ਆਯੋਜਨ ਮਹਾਤਮਾ ਗਾਂਧੀ ਇੰਸਟੀਚਿਊਟ ਪਬਲਿਕ ਅਤੇ ਪ੍ਰਸ਼ਾਸਨ ( ਮਗਸਿਪਾ)ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਜਿਸ ਵਿੱਚ ਪੰਜਾਬ ਦੀਆ ਸਮੂਹ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਦੇ ਪ੍ਰਿੰਸੀਪਲਾਂ ਅਤੇ ਫੈਕਲਟੀ ਮੈਂਬਰਾਂ ਨੇ ਭਾਗ ਲਿਆ । ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਸਹਾਇਕ ਡਾਇਰੈਕਟਰ ਡਾ. ਬੂਟਾ ਸਿੰਘ ਨੇ ਦੱਸਿਆ ਐਨ.ਪੀ.ਈ.ਪੀ ਰਾਹੀਂ 11 ਵਿਸ਼ਿਆਂ ਤੇ ਸਿੱਖਿਆ, ਸਿਹਤ, ਜਨਸੰਖਿਆ, ਲਿੰਗ ਸਮਾਨਤਾ, ਬਾਲ ਹਿੰਸਾ,ਕਿਸ਼ੋਰ ਸਿੱਖਿਆ ਤੇ ਮਾਹਿਰ ਡਾਕਟਰ ਦੁਆਰਾ ਜਾਣਕਾਰੀ ਦਿੱਤੀ ਗਈ ਹੈ ।ਜਿਸ ਨੂੰ ਡਾਇਰੈਕਟਰ ਮੈਡਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਹੈ। ਸਟੇਟ ਕੋਆਰਡੀਨੇਟਰ ਸੁਨੀਲ ਕੁਮਾਰ ਨੇ ਕਿਹਾ ਕਿ ਸਿਹਤ ਸੰਬੰਧੀ ਜਾਗਰੂਕਤਾ ਜਾਣਕਾਰੀ, ਮਾਨਸਿਕ, ਸਰੀਰਕ ਵਿਕਾਸ ਲਈ ਲਈ ਅਤੇ ਪਾਠਕ੍ਰਮ ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਟ੍ਰੇਨਿੰਗ ਦਿੱਤੀ ਗਈ ਹੈ। ਪ੍ਰਿੰਸੀਪਲ ਡਾਇਟ ਬਰਨਾਲਾ ਡਾ.ਮੁਨੀਸ਼ ਮੋਹਨ ਸ਼ਰਮਾ ਸ਼ਰਮਾ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਸਮਝਣ ਲਈ ਇਹ ਸੈਮੀਨਾਰ ਬਹੁਤ ਸਾਰਥਕ ਸਿੱਧ ਹੋਵੇਗਾ, ਸੈਮੀਨਾਰ ਪ੍ਰਿੰਸੀਪਲ ਮੰਗਤ ਸਿੰਘ ਫੈਕਲਟੀ ਮੈਂਬਰ ਅਵਨੀਸ਼ ਕੁਮਾਰ, ਹਰਵਿੰਦਰ ਸਿੰਘ, ਕਮਲਦੀਪ ਕੌਰ ਸਮੂਹ ਸਿੱਖਿਆ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਕਿਹਾ ਕਿ ਵਿਦਿਆਰਥੀ ਵਰਗ ਲਈ ਜਾਗਰੂਕਤਾ ਜਾਣਕਾਰੀ ਭਰਪੂਰ ਸਿੱਧ ਹੋਵੇਗਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 16 ਅਗਸਤ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

ਸੁਤੰਤਰ ਲੇਬਰ ਪਾਰਟੀ ਨੂੰ ਇੱਕ ਸੰਗਠਨ ਬਣਾ ਕੇ ਮਜ਼ਬੂਤ ਬਣਾਓ

(ਡਾ. ਬਾਬਾ ਸਾਹਿਬ ਅੰਬੇਡਕਰ ਦਾ ਇਹ ਭਾਸ਼ਣ 14 ਅਗਸਤ, 1937 ਨੂੰ 'ਜਨਤਾ' ਵਿੱਚ ਸੰਪਾਦਕੀ ਦੀ ਥਾਂ 'ਤੇ ਪ੍ਰਕਾਸ਼ਿਤ ਹੋਇਆ ਸੀ। ਇਸ ਵਿੱਚ ਇਹ ਜ਼ਿਕਰ ਨਹੀਂ ਹੈ ਕਿ ਭਾਸ਼ਣ ਕਦੋਂ ਅਤੇ ਕਿੱਥੇ ਦਿੱਤਾ ਗਿਆ ਸੀ। - ਸੰਪਾਦਕ) ਪਿਆਰੇ ਭਰਾਵੋ,



ਮੈਨੂੰ ਅੱਜ ਤੁਹਾਡੀ ਮੀਟਿੰਗ ਵਿੱਚ ਮੌਜੂਦ ਹੋ ਕੇ ਬਹੁਤ ਖੁਸ਼ੀ ਹੋ ਰਹੀ ਹੈ। ਸੁਤੰਤਰ ਲੇਬਰ ਪਾਰਟੀ ਨੂੰ ਇੱਕ ਸੰਗਠਿਤ ਰੂਪ ਦੇਣ ਅਤੇ ਆਪਣੇ ਲੋਕਾਂ ਨੂੰ ਸੰਗਠਿਤ ਕਰਨ ਲਈ ਤੁਸੀਂ ਜੋ ਕਦਮ ਚੁੱਕਿਆ ਹੈ ਉਹ ਬਹੁਤ ਮਹੱਤਵਪੂਰਨ ਅਤੇ ਸ਼ਲਾਘਾਯੋਗ ਹੈ।

ਜੇ ਅਸੀਂ ਛੇ ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ 'ਤੇ ਇੱਕ ਨਜ਼ਰ ਮਾਰੀਏ, ਤਾਂ ਮੈਂ ਆਪਣੇ ਲੋਕਾਂ ਦੁਆਰਾ ਪ੍ਰਾਪਤ ਕੀਤੀ ਗਈ ਪ੍ਰਾਪਤੀ 'ਤੇ ਧੰਨ ਮਹਿਸੂਸ ਕਰਦਾ ਹਾਂ। ਕਿਉਂਕਿ ਉਸ ਸਮੇਂ ਅਸੀਂ ਬਹੁਤ ਪ੍ਰਭਾਵਸ਼ਾਲੀ ਅਤੇ ਅਮੀਰ ਕਾਂਗਰਸ ਪਾਰਟੀ ਨਾਲ ਮੁਕਾਬਲਾ ਕਰ ਰਹੇ ਸੀ। ਕਾਂਗਰਸ ਨੇ ਇਹ ਸੰਕਲਪ ਲਿਆ ਸੀ ਕਿ ਉਹ ਸੁਤੰਤਰ ਲੇਬਰ ਪਾਰਟੀ ਦੇ ਇੱਕ ਵੀ ਉਮੀਦਵਾਰ ਨੂੰ ਜਿੱਤਣ ਨਹੀਂ ਦੇਵੇਗੀ। ਕਾਂਗਰਸ ਨੇ ਸਾਡੇ ਉਮੀਦਵਾਰਾਂ ਨੂੰ ਹਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਮੈਨੂੰ ਅਜਿਹੇ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ। ਜੇਕਰ ਅਸੀਂ ਦੂਜੇ ਸੂਬਿਆਂ ਵੱਲ ਵੇਖੀਏ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸਾਰਿਆਂ ਨੇ ਕਾਂਗਰਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਮੈਂ ਇਕੱਲਾ ਹੀ ਪੂਰੇ ਭਾਰਤ ਵਿੱਚ ਕਾਂਗਰਸ ਨਾਲ ਲੜਨ ਲਈ ਖੜ੍ਹਾ ਹੋਇਆ ਸੀ ਅਤੇ ਮੈਂ ਇਸ ਵਿੱਚ ਸਫਲ ਹੋਇਆ। ਪਰ ਇਹ ਵੀ ਸੱਚ ਹੈ ਕਿ ਜੇਕਰ ਤੁਸੀਂ ਲੋਕ ਸਾਡੇ ਨਾਲ ਨਾ ਹੁੰਦੇ, ਤਾਂ ਅਜਿਹੀ ਜਿੱਤ ਪ੍ਰਾਪਤ ਕਰਨਾ ਸੰਭਵ ਨਹੀਂ ਸੀ। ਤੁਸੀਂ ਜਾਣਦੇ ਹੋ ਕਿ ਉਸ ਸਮੇਂ ਸਾਡੇ ਵਿੱਚੋਂ ਕੁਝ ਲੋਕ ਕਾਂਗਰਸ ਦੇ ਸ਼ਿਕਾਰ ਸਨ। ਪਰ ਇਸ ਦੇ ਬਾਵਜੂਦ, ਅਸੀਂ ਉਸ ਸਮੇਂ ਇੱਕ ਵੱਡੀ ਜਿੱਤ ਪ੍ਰਾਪਤ ਕੀਤੀ। ਕਾਂਗਰਸ ਦੇ ਲੋਕ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਉਸ ਸਮੇਂ ਪੂਰੇ ਭਾਰਤ ਵਿੱਚ ਕਾਂਗਰਸ ਨੂੰ ਸਿਰਫ਼ ਤਿੰਨ ਸਥਾਨ ਮਹੱਤਵਪੂਰਨ ਲੱਗਦੇ ਸਨ। ਡਾ. ਵਾਡ ਦਾ ਮੁੰਬਈ ਯੂਨੀਵਰਸਿਟੀ ਵਿੱਚ ਸਥਾਨ, ਲੋਕਸ਼ਾਹੀ ਸਵਰਾਜ ਪਾਰਟੀ ਦੇ ਮੁਖੀ ਸ਼੍ਰੀ ਲਕਸ਼ਮਣ ਬਲਵੰਤ ਭੋਪਟਕਰ ਦਾ ਸਥਾਨ, ਪੁਣੇ ਵਿੱਚ ਅਤੇ ਸੁਤੰਤਰ ਲੇਬਰ ਪਾਰਟੀ ਦੇ ਮੁੰਬਈ ਵਿੱਚ ਮੇਰਾ ਸਥਾਨ। ਕਾਂਗਰਸ ਇਨ੍ਹਾਂ ਵਿੱਚੋਂ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਦੇ ਯੋਗ ਸੀ ਪਰ ਉਹ ਤੀਜੀ ਜਗ੍ਹਾ ਪ੍ਰਾਪਤ ਨਹੀਂ ਕਰ ਸਕੀ, ਮੇਰੀ ਜਗ੍ਹਾ। ਇਸ ਲਈ ਕਾਂਗਰਸ ਨੂੰ ਵੀ ਸਾਡੀ ਤਾਕਤ ਦਾ ਅਹਿਸਾਸ ਹੋ ਗਿਆ ਹੈ। ਵੱਲਭ ਭਾਈ ਪਟੇਲ, ਜੋ ਚੋਣਾਂ ਤੋਂ ਪਹਿਲਾਂ ਸੁਤੰਤਰ ਲੇਬਰ ਪਾਰਟੀ ਦਾ ਨਾਮ ਲੈਣ ਲਈ ਵੀ ਤਿਆਰ ਨਹੀਂ ਸਨ, ਨੇ ਚੋਣਾਂ ਤੋਂ ਬਾਅਦ ਸ਼ਨੀਵਰ ਵਾੜਾ ਦੇ ਸਾਹਮਣੇ ਮੰਤਰੀਆਂ ਦੁਆਰਾ ਬੁਲਾਏ ਗਏ ਸਮਾਗਮ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਕਿ ਡਾ. ਅੰਬੇਡਕਰ ਦੀ ਸੁਤੰਤਰ ਲੇਬਰ ਪਾਰਟੀ ਇੱਕ ਬਹੁਤ ਮਹੱਤਵਪੂਰਨ ਪਾਰਟੀ ਹੈ ਅਤੇ ਕਾਂਗਰਸ ਨੂੰ ਇਸ ਪਾਰਟੀ ਦੀ ਸਥਿਤੀ ਸਵੀਕਾਰ ਕਰਨੀ ਪਵੇਗੀ। ਸੋਚੋ ਇਸਦਾ ਕੀ ਪ੍ਰਭਾਵ ਹੈ? ਇਹ ਕਿਸੇ ਹੋਰ ਚੀਜ਼ ਦਾ ਪ੍ਰਭਾਵ ਨਹੀਂ ਹੈ, ਇਹ ਸਾਡੇ ਸੰਗਠਨ ਦਾ ਪ੍ਰਭਾਵ ਹੈ।

ਕਾਂਗਰਸ ਹਿੰਦੂਆਂ ਦਾ ਸੰਗਠਨ ਹੈ। ਅੱਜ ਤੱਕ ਭਾਰਤ 'ਤੇ ਬ੍ਰਿਟਿਸ਼ ਸਰਕਾਰ ਦਾ ਰਾਜ ਸੀ। ਇਸੇ ਲਈ ਇਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਰਾਜਨੀਤੀ ਦੀ ਵਾਗਡੋਰ ਨਹੀਂ ਸੀ। ਪਰ ਅੱਜ ਭਾਰਤ 'ਤੇ ਸਿਰਫ ਨਾਮ ਦਾ ਅੰਗਰੇਜ਼ ਸ਼ਾਸਨ ਕਰਦੇ ਹਨ। ਅੱਜ ਰਾਜਨੀਤੀ ਦੀਆਂ ਸਾਰੀਆਂ ਵਾਗਡੋਰ ਹਿੰਦੂਆਂ ਦੇ ਹੱਥਾਂ ਵਿੱਚ ਹਨ। ਇਸੇ ਲਈ ਹੁਣ ਤੋਂ ਸਾਨੂੰ ਆਪਣੇ ਬਚਾਅ ਲਈ ਇੱਕ ਸੰਗਠਿਤ ਯਤਨ ਕਰਨਾ ਪਵੇਗਾ। ਇਸ ਤੋਂ ਬਿਨਾਂ, ਹੁਣ ਤੋਂ ਕੋਈ ਵਿਕਲਪ ਨਹੀਂ ਹੈ। ਤੁਹਾਡੇ ਪ੍ਰਤੀਨਿਧੀਆਂ ਲਈ ਉਸ ਕੌਂਸਲ ਤੱਕ ਪਹੁੰਚਣਾ ਜ਼ਰੂਰੀ ਹੈ ਜਿਸ ਰਾਹੀਂ ਰਾਜਨੀਤਿਕ ਸ਼ਕਤੀ ਸੌਂਪੀ ਜਾਂਦੀ ਹੈ। ਭਾਰਤ ਵਿੱਚ ਕਾਂਗਰਸ ਦੀ ਜਿੱਤ ਕਾਂਗਰਸ ਦੀ ਜਿੱਤ ਨਹੀਂ ਹੈ, ਸਗੋਂ ਬ੍ਰਾਹਮਣਵਾਦ ਦੀ ਜਿੱਤ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ। ਬ੍ਰਾਹਮਣਾਂ ਨੂੰ 5-6 ਸੂਬਿਆਂ ਵਿੱਚ ਮੁੱਖ ਮੰਤਰੀਆਂ ਦੇ ਅਹੁਦੇ ਮਿਲੇ ਹਨ। ਮੁੰਬਈ ਸੂਬੇ ਦੀਆਂ 11 ਸੀਟਾਂ ਵਿੱਚੋਂ 5 ਸੀਟਾਂ ਬ੍ਰਾਹਮਣਾਂ ਨੂੰ ਦਿੱਤੀਆਂ ਗਈਆਂ ਹਨ। 1919 ਤੋਂ 1935 ਤੱਕ, ਕੌਂਸਲ ਵਿੱਚ ਬ੍ਰਾਹਮਣ ਮੈਂਬਰਾਂ ਦੀ ਗਿਣਤੀ ਬਹੁਤ ਘੱਟ ਸੀ, ਯਾਨੀ 10-12 ਤੱਕ ਸੀਮਤ ਸੀ। ਬਾਅਦ ਵਿੱਚ ਇਹ ਹੋਰ ਘਟਦੀ ਗਈ। ਪਰ ਅੱਜ ਮੁੰਬਈ ਵਿੱਚ ਕਾਂਗਰਸ ਨੂੰ 27 ਸੀਟਾਂ ਮਿਲੀਆਂ ਹਨ। ਇਸ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਬ੍ਰਾਹਮਣਵਾਦ ਨੇ ਕਿੰਨੀ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਜੇਕਰ ਤੁਸੀਂ ਇਸ ਬ੍ਰਾਹਮਣਵਾਦ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇੱਕਜੁੱਟ ਹੋਣਾ ਪਵੇਗਾ।

ਪਿਛਲੀ ਗੋਲਮੇਜ਼ ਕਾਨਫਰੰਸ ਦੌਰਾਨ, ਮੈਂ ਗਲਤੀ ਕੀਤੀ ਸੀ। ਮੈਨੂੰ ਕਾਨੂੰਨ ਵਿੱਚ ਹੀ ਇਹ ਵਿਵਸਥਾ ਹੋਣੀ ਚਾਹੀਦੀ ਸੀ ਕਿ ਰਾਜਪਾਲ ਨੂੰ ਮੰਤਰੀ ਮੰਡਲ ਵਿੱਚ ਘੱਟ ਗਿਣਤੀ ਪਾਰਟੀ ਦਾ ਪ੍ਰਤੀਨਿਧੀ ਨਿਯੁਕਤ ਕਰਨਾ ਪਵੇਗਾ। ਇਹ ਮਾਮਲਾ ਇਨ੍ਹਾਂ ਲੋਕਾਂ ਦੀ ਮਰਜ਼ੀ 'ਤੇ ਨਹੀਂ ਛੱਡਣਾ ਚਾਹੀਦਾ ਸੀ। ਪਰ ਫਿਰ ਮੈਂ ਸੋਚਿਆ ਕਿ 'ਖਾਣ ਵਾਲੇ ਦੇ ਨਾਲ-ਨਾਲ ਖਾਣਾ ਬਣਾਉਣ ਵਾਲੇ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ', ਇਸ ਕਹਾਵਤ ਦੇ ਅਨੁਸਾਰ, ਮੈਂ ਇਸ ਮਾਮਲੇ 'ਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ। ਪਰ ਜੇ ਮੈਂ ਮਾਮਲਾ ਉਨ੍ਹਾਂ ਦੀ ਮਰਜ਼ੀ 'ਤੇ ਛੱਡ ਦਿੱਤਾ, ਤਾਂ ਦੇਖੋ ਇਸਦਾ ਕੀ ਪ੍ਰਭਾਵ ਪਿਆ ਹੈ। ਉਨ੍ਹਾਂ ਨੇ ਅਛੂਤਾਂ ਦੇ ਇੱਕ ਵੀ ਪ੍ਰਤੀਨਿਧੀ ਨੂੰ ਮੰਤਰੀ ਮੰਡਲ ਵਿੱਚ ਜਗ੍ਹਾ ਨਹੀਂ ਦਿੱਤੀ। ਕਾਨੂੰਨ ਇਸ ਬਾਰੇ ਨਹੀਂ ਹੋ ਸਕਦਾ, ਪਰ ਸ਼ਿਸ਼ਟਾਚਾਰ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਸਾਡੇ ਪ੍ਰਤੀਨਿਧੀਆਂ ਵਿੱਚੋਂ ਇੱਕ ਨੂੰ ਲੈਣਾ ਚਾਹੀਦਾ ਸੀ। ਸਾਡੀਆਂ 15 ਸੀਟਾਂ ਵਿੱਚੋਂ ਚਾਰ 'ਤੇ, ਕਾਂਗਰਸ ਨੇ ਸਾਡੇ ਲੋਕਾਂ ਨੂੰ ਜਿਤਾਇਆ। ਫਿਰ ਕਾਂਗਰਸ ਨੇ ਉਨ੍ਹਾਂ ਨੂੰ ਮੰਤਰੀ ਅਹੁਦੇ ਕਿਉਂ ਨਹੀਂ ਦਿੱਤੇ? ਜੇਕਰ ਉਹ ਚਾਰ ਨੁਮਾਇੰਦੇ ਅਯੋਗ ਹਨ, ਤਾਂ ਕੀ ਕਾਂਗਰਸ ਨੇ ਇਨ੍ਹਾਂ ਅਯੋਗ ਨੁਮਾਇੰਦਿਆਂ ਨੂੰ ਚੋਣ ਜਿੱਤਾ ਕੇ ਵੱਡੀ ਗਲਤੀ ਨਹੀਂ ਕੀਤੀ? ਜੇਕਰ ਉਨ੍ਹਾਂ ਨੇ ਮੁਸਲਮਾਨਾਂ ਦਾ ਪ੍ਰਤੀਨਿਧੀ ਪ੍ਰਾਪਤ ਕਰਨ ਲਈ ਇੰਨੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੇ ਅਛੂਤਾਂ ਦਾ ਪ੍ਰਤੀਨਿਧੀ ਕਿਉਂ ਨਹੀਂ ਲਿਆ? ਇਸ ਲਈ ਸਿਰਫ ਇੱਕ ਚੀਜ਼ ਜ਼ਿੰਮੇਵਾਰ ਹੈ ਅਤੇ ਉਹ ਹੈ ਉਨ੍ਹਾਂ ਦੀ ਮਾਨਸਿਕਤਾ ਕਿ, "ਅਸੀਂ ਤੁਹਾਡੇ ਲਈ ਸਭ ਕੁਝ ਕਰਾਂਗੇ, ਤੁਹਾਨੂੰ ਆਪਣੇ ਲਈ ਕੁਝ ਨਹੀਂ ਕਰਨਾ ਪਵੇਗਾ।"

ਕੁਝ ਦਿਨ ਪਹਿਲਾਂ, ਇੱਕ ਚਮਾਰ ਨੇਤਾ ਨੇ ਅਖਬਾਰ ਵਿੱਚ ਆਪਣਾ ਬਿਆਨ ਪ੍ਰਕਾਸ਼ਿਤ ਕੀਤਾ ਸੀ ਜਿਸ ਵਿੱਚ ਉਸਨੇ ਕਿਹਾ ਸੀ, "ਸਾਨੂੰ ਬੁਰਾ ਨਹੀਂ ਲੱਗਦਾ ਕਿ ਅਛੂਤਾਂ ਦੇ ਪ੍ਰਤੀਨਿਧੀ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਸਾਨੂੰ ਖੇਰ ਸਾਹਿਬ 'ਤੇ ਪੂਰਾ ਵਿਸ਼ਵਾਸ ਹੈ।" ਜੇਕਰ ਅਜਿਹਾ ਹੈ, ਤਾਂ ਇਹਨਾਂ ਲੋਕਾਂ ਨੇ ਉਸਨੂੰ ਚੋਣ ਲੜਨ ਲਈ ਕਿਉਂ ਯਤਨ ਕੀਤੇ? ਯਾਦ ਰੱਖੋ, ਜੇਕਰ ਤੁਸੀਂ ਇਹਨਾਂ ਲੋਕਾਂ 'ਤੇ ਇਸ ਤਰ੍ਹਾਂ ਭਰੋਸਾ ਕਰਦੇ ਹੋ, ਤਾਂ ਤੁਸੀਂ ਭੰਵਰ ਦੇ ਵਿਚਕਾਰ ਡੁੱਬ ਜਾਓਗੇ। "ਮਹਾਤਮਾ ਗਾਂਧੀ ਦਾ ਕਾਂਗਰਸ ਵਿੱਚ ਰੱਤੀ ਭਰ ਵੀ ਹਿੱਸਾ ਨਹੀਂ ਹੈ, ਪਰ ਕਾਂਗਰਸ ਦੇ ਲੋਕ ਉਨ੍ਹਾਂ ਦੇ ਸਾਰੇ ਫ਼ਰਮਾਨਾਂ ਨੂੰ ਸਵੀਕਾਰ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ, ਉਹ ਕਿਉਂ ਨਹੀਂ ਕਰਦੇ? ਅਜਿਹਾ ਲੱਗਦਾ ਹੈ ਕਿ ਉਹ ਸਾਡੇ ਬਾਰੇ ਕੁਝ ਨਹੀਂ ਕਰਨਾ ਚਾਹੁੰਦੇ। ਇਸ ਲਈ ਸਾਨੂੰ ਇੱਕਜੁੱਟ ਹੋਣ ਦੀ ਲੋੜ ਹੈ। ਮੈਂ ਤੁਹਾਨੂੰ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ ਅਤੇ ਉਹ ਇਹ ਹੈ ਕਿ ਕੌਂਸਲ ਵਿੱਚ ਹਿੱਸਾ ਲੈਣਾ ਕੋਈ ਆਸਾਨ ਕੰਮ ਨਹੀਂ ਹੈ। ਇਸ ਲਈ, ਕਿਸੇ ਨੂੰ ਆਪਣਾ ਘਰ ਛੱਡਣਾ ਪੈਂਦਾ ਹੈ। ਚੋਣਾਂ ਦਾ ਖਰਚਾ ਬਹੁਤ ਵੱਡਾ ਹੁੰਦਾ ਹੈ। ਸਾਡੇ ਉਮੀਦਵਾਰਾਂ ਲਈ ਇਸਨੂੰ ਸਹਿਣਾ ਸੰਭਵ ਨਹੀਂ ਹੁੰਦਾ। ਇਹ ਕਹਿਣਾ ਪਵੇਗਾ ਕਿ ਪਿਛਲੀਆਂ ਚੋਣਾਂ ਵਿੱਚ, ਮੈਨੂੰ ਬਹੁਤ ਸਾਰੇ ਉਮੀਦਵਾਰਾਂ ਦੀ ਵਿੱਤੀ ਮਦਦ ਕਰਨੀ ਪਈ, ਤਾਂ ਹੀ ਉਹ ਚੋਣ ਜਿੱਤਣ ਦੇ ਯੋਗ ਹੋਏ। ਪਰ ਮੈਂ ਹਰ ਵਾਰ ਇਸ ਤਰ੍ਹਾਂ ਸਾਰਿਆਂ ਦੀ ਮਦਦ ਨਹੀਂ ਕਰ ਸਕਾਂਗਾ। ਉਮੀਦਵਾਰਾਂ ਲਈ ਆਪਣਾ ਖਰਚਾ ਖੁਦ ਚੁੱਕਣਾ ਸੰਭਵ ਨਹੀਂ ਹੈ। ਇਸ ਲਈ, ਜੇਕਰ ਤੁਸੀਂ ਆਪਣੇ ਪੱਖ ਤੋਂ ਚੰਗੇ ਲੋਕਾਂ ਨੂੰ ਕੌਂਸਲ ਵਿੱਚ ਭੇਜਣਾ ਚਾਹੁੰਦੇ ਹੋ, ਤਾਂ ਤੁਹਾਨੂੰ ਉਨ੍ਹਾਂ ਦੇ ਖਰਚੇ ਚੁੱਕਣੇ ਪੈਣਗੇ। ਪਿਛਲੀਆਂ ਚੋਣਾਂ ਵਿੱਚ, ਕਾਂਗਰਸ ਵੱਲੋਂ ਖੜ੍ਹੇ ਉਮੀਦਵਾਰਾਂ ਦੇ ਸਾਰੇ ਖਰਚੇ ਕਾਂਗਰਸ ਨੇ ਖੁਦ ਚੁੱਕੇ ਸਨ। ਇਕੱਲੇ ਮੁੰਬਈ ਸ਼ਹਿਰ ਵਿੱਚ, ਕਾਂਗਰਸ ਨੇ ਹਰ ਰੋਜ਼ ਹਜ਼ਾਰਾਂ ਰੁਪਏ ਖਰਚ ਕੀਤੇ ਸਨ ਚੋਣਾਂ। ਇਹ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ।

ਮੈਂ ਤੁਹਾਨੂੰ ਸਿਰਫ਼ ਇਹੀ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਸੰਗਠਨ ਦਾ ਹਰ ਤਰ੍ਹਾਂ ਨਾਲ ਸਮਰਥਨ ਕਰੋ। ਇਸਨੂੰ ਕਾਂਗਰਸ ਵਾਂਗ ਇੱਕ ਮਜ਼ਬੂਤ ਪਾਰਟੀ ਬਣਾਓ। ਮੁੰਬਈ ਵਿੱਚ ਸਾਡੀ ਆਬਾਦੀ ਇੱਕ ਲੱਖ ਤੋਂ ਵੱਧ ਹੈ। ਘੱਟੋ-ਘੱਟ ਇੱਕ ਲੱਖ ਲੋਕਾਂ ਨੂੰ ਇਸਦੇ ਮੈਂਬਰ ਬਣਾਓ।

ਇਸ ਸੰਗਠਨ ਦੀ ਸਾਲਾਨਾ ਫੀਸ ਸਿਰਫ਼ ਅੱਠ ਆਨੇ ਹੈ ਜੋ ਕਿ ਬਹੁਤ ਘੱਟ ਹੈ ਅਤੇ ਕੋਈ ਵੀ ਇਸਨੂੰ ਅਦਾ ਕਰ ਸਕਦਾ ਹੈ। ਕਾਂਗਰਸ ਦੇ ਨਾਲ ਅਮੀਰ ਲੋਕ ਹਨ, ਪਰ ਕੋਈ ਤੁਹਾਡੇ ਨਾਲ ਨਹੀਂ ਹੈ। ਤੁਹਾਨੂੰ ਆਪਣੇ ਘਰ ਦੀ ਦੇਖਭਾਲ ਖੁਦ ਕਰਨੀ ਪਵੇਗੀ। ਵਿਦੇਸ਼ਾਂ ਵਿੱਚ ਵੀ ਸੰਸਦ ਵਿੱਚ ਇੱਕ ਲੇਬਰ ਪਾਰਟੀ ਹੈ। ਪਰ ਉਹ ਵੀ ਇਸੇ ਤਰ੍ਹਾਂ ਦਾਨ ਇਕੱਠਾ ਕਰਕੇ ਚੋਣਾਂ ਲੜਦੇ ਹਨ। ਹਰ ਪਾਰਟੀ ਨੂੰ ਆਪਣੇ ਅਖਬਾਰ ਦੀ ਬਹੁਤ ਲੋੜ ਹੁੰਦੀ ਹੈ। ਅਸੀਂ ਅਖਬਾਰ

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" स्वतंत्रता, समानता, भाईचारा

ਤੋਂ ਬਿਨਾਂ ਕੰਮ ਨਹੀਂ ਕਰ ਸਕਦੇ। ਇਸ ਲਈ ਸਾਡੀ ਪਾਰਟੀ ਦੇ 'ਜਨਤਾ' ਅਖਬਾਰ ਦਾ ਵਧੀਆ ਢੰਗ ਨਾਲ ਚੱਲਣਾ ਜ਼ਰੂਰੀ ਹੈ। ਤੁਹਾਨੂੰ ਸਾਰਿਆਂ ਨੂੰ ਇਸ ਵਿੱਚ ਦਾਨ ਦੇ ਕੇ ਇਸਦੇ ਮੈਂਬਰ ਬਣਨਾ ਚਾਹੀਦਾ ਹੈ। ਤੁਹਾਨੂੰ ਚੋਣਾਂ ਜਿੱਤਣ ਤੋਂ ਬਾਅਦ ਕੌਂਸਲ ਵਿੱਚ ਭੇਜੇ ਗਏ ਪ੍ਰਤੀਨਿਧੀਆਂ ਬਾਰੇ ਜਾਣਕਾਰੀ ਸਿਰਫ਼ ਅਖਬਾਰਾਂ ਤੋਂ ਹੀ ਮਿਲੇਗੀ। ਇਸ ਲਈ ਤੁਹਾਨੂੰ ਸਾਰਿਆਂ ਨੂੰ 'ਜਨਤਾ' ਦੇ ਮੈਂਬਰ ਬਣਨਾ ਚਾਹੀਦਾ ਹੈ। ਕੁਝ ਲੋਕ ਹੋਰ ਅਖਬਾਰ ਖਰੀਦਦੇ ਅਤੇ ਪੜ੍ਹਦੇ ਹਨ। ਕਿਉਂਕਿ ਉਨ੍ਹਾਂ ਵਿੱਚ ਸੱਟੇਬਾਜ਼ੀ ਹੁੰਦੀ ਹੈ। ਨੰਬਰ ਅਤੇ ਭਵਿੱਖ ਦਿੱਤਾ ਜਾਂਦਾ ਹੈ। ਨਹੀਂ ਜੂਆ ਖੇਡਣ ਨਾਲ ਇੱਕ ਨੂੰ ਫਾਇਦਾ ਹੁੰਦਾ ਹੈ ਅਤੇ ਅਖ਼ਬਾਰਾਂ ਵਿੱਚ ਛਪਿਆ ਭਵਿੱਖ ਸੱਚ ਸਾਬਤ ਨਹੀਂ ਹੁੰਦਾ। ਸਾਡੇ ਅਖ਼ਬਾਰ ਤੋਂ ਇਲਾਵਾ, ਤੁਹਾਨੂੰ ਕਿਸੇ ਹੋਰ ਅਖ਼ਬਾਰ ਵਿੱਚ ਆਪਣੀ ਪਾਰਟੀ ਦੇ ਪ੍ਰੋਗਰਾਮਾਂ ਅਤੇ ਅੰਦੋਲਨ ਦੀ ਸਹੀ ਦਿਸ਼ਾ ਬਾਰੇ ਜਾਣਕਾਰੀ ਨਹੀਂ ਮਿਲੇਗੀ। ਇਸ ਲਈ ਅਤੇ ਆਪਣੀ ਪਾਰਟੀ 'ਤੇ ਮਾਣ ਮਹਿਸੂਸ ਕਰਨ ਲਈ, ਸਾਰਿਆਂ ਨੂੰ ਜਨਤਾ ਪੱਤਰ ਦੀ ਮੈਂਬਰਸ਼ਿਪ ਲੈਣੀ ਪਵੇਗੀ।

ਆਖ਼ਰਕਾਰ, ਮੈਂ ਤੁਹਾਨੂੰ ਇੱਕ ਬਹੁਤ ਮਹੱਤਵਪੂਰਨ ਗੱਲ ਦੱਸਣਾ ਚਾਹੁੰਦਾ ਹਾਂ ਅਤੇ ਉਹ ਇਹ ਹੈ ਕਿ ਤੁਹਾਨੂੰ ਆਪਣੇ ਅੰਦਰੋਂ ਸਤਿਕਾਰ ਅਤੇ ਨਿਰਾਦਰ ਦੀ ਭਾਵਨਾ ਨੂੰ ਦੂਰ ਕਰਨਾ ਚਾਹੀਦਾ ਹੈ। ਇਹ ਭਾਵਨਾ ਕਿ ਜੇਕਰ ਮੇਰਾ ਨਾਮ ਆਉਂਦਾ ਹੈ, ਤਾਂ ਮੈਂ ਚੱਲ ਰਹੇ ਕੰਮ ਦਾ ਵਿਰੋਧ ਕਰਾਂਗਾ, ਇਹ ਬੁਰਾ ਹੈ। ਇਹ ਗਲਤ ਹੈ। ਤੁਸੀਂ ਕੰਮ ਕਰਦੇ ਰਹੋ, ਨਾਮ ਆਪਣੇ ਆਪ ਆ ਜਾਵੇਗਾ। ਮੈਂ ਅਤੇ ਮੇਰੇ ਸਾਥੀ ਦੋਸਤ ਜਾਣਦੇ ਹਾਂ ਕਿ ਜਦੋਂ ਤੱਕ ਅਸੀਂ ਕੋਈ ਕੰਮ ਨਹੀਂ ਕੀਤਾ ਸੀ, ਸਾਨੂੰ ਟਾਈਮਜ਼ ਵਰਗੇ ਅਖ਼ਬਾਰ ਵਿੱਚ ਆਪਣੇ ਕੰਮ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਛਪਣ ਲਈ ਕਿੰਨੀ ਮਿਹਨਤ ਕਰਨੀ ਪਈ। ਹੁਣ ਉਹੀ ਲੋਕ ਸਾਨੂੰ ਪੁੱਛਦੇ ਹਨ, "ਜੇ ਤੁਸੀਂ ਕੁਝ ਪ੍ਰਕਾਸ਼ਿਤ ਕਰਨਾ ਚਾਹੁੰਦੇ ਹੋ, ਤਾਂ ਸਾਨੂੰ ਦੱਸੋ।" ਸਾਰੇ ਲੋਕਾਂ ਨੂੰ ਤੁਰੰਤ ਰਾਜਨੀਤਿਕ ਅਤੇ ਸਮਾਜਿਕ ਵਿਵਾਦਾਂ ਨੂੰ ਭੁੱਲਣਾ ਪਵੇਗਾ। ਇੱਕ ਵਾਰ ਜਦੋਂ ਮਹਾਰ ਪ੍ਰੀਸ਼ਦ ਹੋਈ, ਮੈਂ ਦੇਖਿਆ ਕਿ ਜਿਨ੍ਹਾਂ ਨੂੰ ਇਸ ਪ੍ਰੀਸ਼ਦ ਦੀ ਸ਼ਕਤੀ ਮਿਲੀ ਸੀ, ਉਨ੍ਹਾਂ ਨੇ ਆਪਣੇ ਵਿਵਾਦਾਂ ਦੇ ਬਹਾਨੇ ਆਪਣੇ ਅਧਿਕਾਰਾਂ ਦੀ ਵਰਤੋਂ ਕੀਤੀ। ਅਜਿਹਾ ਨਹੀਂ ਹੋਣਾ ਚਾਹੀਦਾ।

ਇਸ ਸੰਗਠਨ ਦਾ ਮੁੱਖ ਕੰਮ ਚੋਣਾਂ ਦੌਰਾਨ ਏਕਤਾ ਬਣਾਈ ਰੱਖਣ ਲਈ ਹੋਵੇਗਾ। ਤੁਹਾਨੂੰ ਇਸ ਸੰਗਠਨ ਦੁਆਰਾ ਸਮਰਥਤ ਉਮੀਦਵਾਰ ਨੂੰ ਵੋਟ ਪਾਉਣੀ ਪਵੇਗੀ। ਇਸਦੇ ਲਈ ਤੁਹਾਨੂੰ ਇੱਕ ਸੰਗਠਨ ਬਣਾਉਣਾ ਪਵੇਗਾ। ਅਤੇ ਸਾਡਾ ਸੰਗਠਨ ਇੰਨਾ ਮਜ਼ਬੂਤ ਹੋਣਾ ਚਾਹੀਦਾ ਹੈ ਕਿ ਇੱਕ ਵੀ ਮੈਂਬਰ ਇਸਨੂੰ ਨਾ ਛੱਡੇ। ਸਾਡੇ ਕੋਲ ਅਜਿਹਾ ਕਰਨ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਹੈ। ਪਿਛਲੀਆਂ ਚੋਣਾਂ ਵਿੱਚ, ਮੇਰੀਆਂ ਅਤੇ ਪੀ. ਬਾਲੂ ਦੀਆਂ ਵੋਟਾਂ ਵਿੱਚ ਵੱਧ ਤੋਂ ਵੱਧ ਸਿਰਫ ਦੋ ਹਜ਼ਾਰ ਵੋਟਾਂ ਦਾ ਅੰਤਰ ਸੀ। ਜੇਕਰ ਤੁਹਾਡੇ ਵਿੱਚੋਂ ਕੁਝ ਉਸ ਸਮੇਂ ਆਲਸੀ ਹੁੰਦੇ, ਤਾਂ ਮੈਂ ਸ਼ਾਇਦ ਚੋਣ ਨਾ ਜਿੱਤਦਾ। ਰਾਜਨੀਤੀ ਤੁਹਾਡੇ ਵਿਕਾਸ ਦਾ ਰਸਤਾ ਹੈ। ਇਸ ਲਈ ਤੁਹਾਨੂੰ ਇੱਕ ਸੰਗਠਨ ਬਣਾਉਣਾ ਚਾਹੀਦਾ ਹੈ ਅਤੇ ਸੁਤੰਤਰ ਲੇਬਰ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਹੀ ਉਹ ਹੈ ਜੋ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ।

# ਥਾਈਲੈਂਡ 'ਚ ਸੋਨ ਤਮਗਾ ਜਿੱਤ ਕੇ ਦੇਸ਼ ਦਾ ਮਾਣ ਵਧਾਉਣ ਵਾਲੇ ਅਵਤਾਰ ਲਾਲ ਭੁੱਟੇ ਨੂੰ ਵਿਧਾਇਕ ਜਿੰਪਾ ਨੇ ਕੀਤਾ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 16 ਅਗਸਤ
INTERNATIONAL PAPER, 94636 01616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸ਼ਹਿਰ ਦੇ ਗੌਰਵ, 53 ਸਾਲਾ ਅਵਤਾਰ ਲਾਲ (ਭੁੱਟੋ) ਦਾ ਸਨਮਾਨ ਕੀਤਾ, ਜਿਨ੍ਹਾਂ ਨੇ ਅੰਤਰ ਰਾਸ਼ਟਰੀ ਪੱਧਰ 'ਤੇ ਭਾਰਤ ਦਾ ਨਾਮ ਰੌਸ਼ਨ ਕਰਦੇ ਹੋਏ ਥਾਈਲੈਂਡ ਦੇ ਪੱਟਾਇਆ ਅਤੇ ਬੈਂਕਾਕ ਵਿੱਚ ਹੋਏ ਆਈ.ਬੀ.ਐਫ.ਐਫ ਮੁਕਾਬਲੇ ਦੇ ਮਾਸਟਰ ਵਰਗ ਵਿੱਚ ਸੋਨ ਤਮਗਾ ਜਿੱਤ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਅਵਤਾਰ ਲਾਲ ਨੇ ਵਿਦੇਸ਼ੀ ਧਰਤੀ 'ਤੇ ਤਿਰੰਗਾ ਲਹਿਰਾ ਕੇ ਨਾ ਸਿਰਫ ਆਪਣੇ ਪਰਿਵਾਰ ਅਤੇ ਖੇਤਰ ਦਾ ਮਾਣ ਵਧਾਇਆ, ਸਗੋਂ ਇਹ ਵੀ ਸਾਬਤ ਕੀਤਾ ਕਿ ਲਗਨ, ਮਿਹਨਤ ਅਤੇ ਦ੍ਰਿੜ ਇੱਛਾ ਸ਼ਕਤੀ ਨਾਲ ਕਿਸੇ ਵੀ ਉਮਰ ਵਿੱਚ ਵੱਡੇ ਸੁਪਨੇ ਪੂਰੇ ਕੀਤੇ ਜਾ ਸਕਦੇ ਹਨ। ਉਨ੍ਹਾਂ ਦਾ ਸੋਨ ਤਮਗਾ ਸਾਡੀ ਮਿੱਟੀ ਦੀ ਤਾਕਤ, ਪ੍ਰਤਿਭਾ ਅਤੇ ਜਨੂੰਨ ਦਾ ਪ੍ਰਤੀਕ ਹੈ। ਸਨਮਾਨ ਸਮਾਰੋਹ ਵਿੱਚ ਵਿਧਾਇਕ ਜਿੰਪਾ ਨੇ ਕਿਹਾ ਕਿ ਖੇਡਾਂ ਅਤੇ ਤੰਦਰੁਸਤੀ ਦੇ ਖੇਤਰ ਵਿੱਚ ਅਵਤਾਰ ਲਾਲ ਵਰਗੇ ਪ੍ਰਤਿਭਾਸ਼ਾਲੀ ਖਿਡਾਰੀਆਂ ਦਾ ਯੋਗਦਾਨ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਅਵਤਾਰ ਲਾਲ ਨੇ ਦਿਖਾਇਆ ਹੈ ਕਿ ਜੇ ਜਨੂੰਨ ਅਤੇ ਲਗਨ ਹੋਵੇ ਤਾਂ ਉਮਰ ਮਾਇਨੇ ਨਹੀਂ ਰੱਖਦੀ। ਉਸਦਾ ਸੋਨ ਤਗਮਾ ਹੁਸ਼ਿਆਰਪੁਰ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੋਵੇਗਾ। ਵਿਧਾਇਕ ਜਿੰਪਾ ਨੇ ਇਹ ਵੀ ਭਰੋਸਾ ਦਿੱਤਾ ਕਿ ਖੇਡਾਂ ਅਤੇ ਸਿਹਤ ਦੇ ਖੇਤਰ ਵਿੱਚ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਖੇਡਾਂ ਅਤੇ ਤੰਦਰੁਸਤੀ ਵੱਲ ਵਧਣ ਦਾ ਸੱਦਾ ਦਿੱਤਾ, ਤਾਂ ਜੋ ਉਹ ਵੀ ਅਵਤਾਰ ਲਾਲ ਵਾਂਗ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਅਵਤਾਰ ਲਾਲ ਨੇ ਇਸ ਮੌਕੇ ਵਿਧਾਇਕ ਜਿੰਪਾ ਅਤੇ ਸਾਰੇ ਸ਼ੁਭਚਿੰਤਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਸਿਰਫ਼ ਉਨ੍ਹਾਂ ਦੀ ਹੀ ਨਹੀਂ, ਸਗੋਂ ਪੂਰੇ ਹੁਸ਼ਿਆਰਪੁਰ ਅਤੇ ਪੰਜਾਬ ਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਸੁਨੇਹਾ ਦਿੱਤਾ ਕਿ ਨਿਯਮਤ ਅਭਿਆਸ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਨਾਲ ਜ਼ਿੰਦਗੀ ਵਿੱਚ ਕੋਈ ਵੀ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ।

# ਪ੍ਰਜਾਪਤ ਭਵਨ ਪਿੰਡ ਸਿੱਧੂਵਾਲ ਵਿਖੇ ਸਰਬ ਸੰਮਤੀ ਨਾਲ ਬੀਬਾ ਰਾਜ ਕੁਮਾਰੀ ਕਲਿਆਣ ਨੂੰ ਬਰਾਦਰੀ ਦਾ ਪ੍ਰਧਾਨ ਚੁਣਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 9463601616
hardipchumber57@gmail.com

ਮਿਤੀ 15/8/2025 ਨੂੰ ਪ੍ਰਜਾਪਤ/ਘੁਮਿਆਰ ਸਭਾ ਜ਼ਿਲ੍ਹਾ ਪਟਿਆਲਾ ਦੀ ਚੋਣ ਪ੍ਰਜਾਪਤ ਭਵਨ ਪਿੰਡ ਸਿੱਧੂਵਾਲ ਵਿਖੇ ਸਰਬ ਸੰਮਤੀ ਨਾਲ ਬੀਬਾ ਰਾਜ ਕੁਮਾਰੀ ਕਲਿਆਣ ਨੂੰ ਬਰਾਦਰੀ ਦਾ ਪ੍ਰਧਾਨ ਚੁਣਿਆ ਗਿਆ। ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਜਸਵਿੰਦਰ ਕੌਰ ਨੂੰ ਚੁਣਿਆ ਗਿਆ ਅਤੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ,ਰਤਨ ਸਿੰਘ ਮੈਣ, ਮੀਤ ਪ੍ਰਧਾਨ ਬਚਨ ਸਿੰਘ ਸਿਉਨਾ, ਕੇਵਲ ਸਿੰਘ,ਜਰਨਲ ਸੈਕਟਰੀ ਮੁਕੰਦ ਸਿੰਘ, ਸਹਾਇਕ ਸਕੱਤਰ ਗੁਰਪ੍ਰੀਤ ਸਿੰਘ, ਮੋਤੀ ਲਾਲ ਨਾਭਾ, ਗੁਰਜੰਟ ਸਿੰਘ ਸਨੌਰ, ਕੈਸ਼ੀਅਰ ਕਰਨੈਲ ਸਿੰਘ ਖੜ੍ਹੀਮਾਨੀਆ ਸਹਾਇਕ ਕੈਸ਼ੀਅਰ ਪਿਆਰਾ ਸਿੰਘ , ਸਹਾਇਕ ਸਕੱਤਰ ਡਾ ਰਾਜ ਸਿੰਘ, ਮੈਂਬਰ ਭੀਮ ਸਿੰਘ ਕਾਹਨਗੜ੍ਹ ਭੁਤਨਾ, ਉਮਰ ਪ੍ਰਕਾਸ਼, ਮੈਂਬਰ ਲਾਭ ਸਿੰਘ ਲਚਕਾਣੀ, ਪਰਮਜੀਤ ਸਿੰਘ ਲਚਕਾਣੀ,ਨਿਰੰਜਨ ਸਿੰਘ ਲਚਕਾਣੀ, ਸੁਖਦੇਵ ਸਿੰਘ,ਰਾਮ ਸਿੰਘ,ਸਿਦਰ ਸਿੰਘ, ਲਛਮਣ ਸਿੰਘ ਸਿੱਧੂ ਵਾਲ, ਹਰਨੇਕ ਸਿੰਘ,ਜੀਤ ਸਿੰਘ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ। ਸਮੂਹ ਹਾਜ਼ਰ ਹਾਉਸ ਵੱਲੋਂ ਬਰਾਦਰੀ ਦੀ ਭਲਾਈ ਅਤੇ ਚੜ੍ਹਦੀ ਕਲਾ ਲਈ ਪ੍ਰਜਾਪਤ ਸਭਾ ਦਾ ਗਠਨ ਕੀਤਾ ਗਿਆ ਹੈ।

# ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਕੈਬਨਿਟ ਮੰਤਰੀ ਭੁੱਲਰ ਨੂੰ ਕੀਤੇ ਤਿੱਖੇ ਸਵਾਲ*

## *ਸਰਕਾਰ ਵੱਲੋਂ ਕੀਤੇ ਵਾਅਦਿਆਂ ਦੀ ਯਾਦ ਪੱਤਰ ਦੇ ਕੇ ਕਰਵਾਇਆ ਚੇਤੇ,,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 9463601616
hardipchumber57@gmail.com



ਮਾਨਸਾ 16 ਅਗਸਤ (ਆਤਮਾ ਸਿੰਘ ਪਮਾਰ)ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਵੱਲੋਂ ਅਜ਼ਾਦੀ ਦਿਵਸ ਦੇ ਮੌਕੇ ਤੇ ਪ੍ਰਸ਼ਾਸਨ ਨੂੰ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮਿਲਾਉਣ ਸਬੰਧੀ ਅਪੀਲ ਕੀਤੀ ਜਿਸ ਤੇ ਪ੍ਰਸ਼ਾਸਨ ਦਾ ਪੱਖ ਨਾਂਹ ਪੱਖੀ ਸੀ। ਜਿਸ ਕਰਕੇ ਕਮੇਟੀ ਵੱਲੋਂ ਟਰਾਂਸਪੋਰਟ ਮੰਤਰੀ ਦੇ ਘਿਰਾਓ ਦਾ ਐਲਾਨ ਕਰ ਦਿੱਤਾ। ਪ੍ਰਸ਼ਾਸਨ ਵੱਲੋਂ ਤੁਰੰਤ ਹਰਕਤ ਵਿੱਚ ਆਉਦਿਆਂ ਜੱਥੇਬੰਦੀ ਦੇ ਆਗੂਆਂ ਨਾਲ ਸੰਪਰਕ ਕੀਤਾ ਅਤੇ ਮੰਤਰੀ ਸਾਹਿਬ ਨੂੰ ਮਿਲਾਉਣ ਦਾ ਭਰੋਸਾ ਦਿੱਤਾ। ਇਸ ਸਮੇਂ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਵੱਲੋਂ ਮੰਤਰੀ ਨੂੰ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਕਰਕੇ ਅੱਜ ਤੱਕ ਲਾਗੂ ਕਿਉਂ ਨਹੀਂ ਕੀਤਾ ਗਿਆ।? ਇਸ ਗੱਲ ਤੇ ਮੰਤਰੀ ਵੱਲੋਂ ਕੋਈ ਠੋਸ ਜੁਆਬ ਨਹੀਂ ਸੀ। ਉਹਨਾਂ ਨੇ ਸਿਰਫ ਇਹੀ ਕਿਹਾ ਕਿ ਉਹ ਸਿੱਖਿਆ ਮੰਤਰੀ ਨਾਲ ਮੀਟਿੰਗ ਕਰਵਾ ਸਕਦੇ ਹਨ। ਆਗੂਆਂ ਨੇ ਮੌਕੇ ਤੇ ਟਰਾਂਸਪੋਰਟ ਮੰਤਰੀ ਨੂੰ ਸਰਕਾਰ ਦੇ ਵਾਅਦਿਆਂ ਦਾ ਇੱਕ ਯਾਦ ਪੱਤਰ ਵੀ ਦਿੱਤਾ ਤੇ ਕਿਹਾ ਸਰਕਾਰ ਨੇ ਪੈਨਸ਼ਨ ਦਾ ਸਿਰਫ ਪ੍ਰਚਾਰ ਹੀ ਕੀਤਾ ਅਤੇ ਲੱਖਾਂ ਰੁਪਏ ਇਸ਼ਤਿਹਾਰ ਬਾਜੀ ਤੇ ਲਗਾਏ ਹਨ ਪਰ ਹਕੀਕਤ ਵਿੱਚ ਕੁਝ ਵੀ ਨਹੀਂ ਹੋਇਆ । ਅੱਜ ਵੀ ਮੁਲਾਜ਼ਮ ਖਾਲੀ ਹੱਥ ਰਿਟਾਇਰ ਹੋ ਰਹੇ ਹਨ। ਅਖੀਰ ਵਿੱਚ ਆਪਣਾ ਸਟੈਂਡ ਸਪੱਸ਼ਟ ਕਰਦਿਆਂ ਆਗੂ ਮੀਟਿੰਗ ਵਿੱਚੋਂ ਬਾਹਰ ਆ ਗਏ। ਅੱਜ ਇਕੱਤਰ ਸਾਥੀਆਂ ਵੱਲੋਂ ਪੈਨਸ਼ਨ ਸਬੰਧੀ ਘੋਲ ਨੂੰ ਹੋਰ ਤਿੱਖਾ ਕਰਨ ਦੀ ਵਚਨਬੱਧਤਾ ਦੁਹਰਾਈ। ਇਸ ਮੌਕੇ ਜ਼ਿਲ੍ਹਾ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ, ਲਖਵਿੰਦਰ ਸਿੰਘ ਮਾਨ ਜ਼ਿਲ੍ਹਾ ਕੋ ਕਨਵੀਨਰ ਕਰਮਜੀਤ ਸਿੰਘ ਤਾਮਕੋਟ, ਸੁਖਦੀਪ ਗਿੱਲ, ਇੰਦਰਜੀਤ ਸਿੰਘ ਡੇਲੂਆਣਾ, ਜਗਜੀਵਨ ਜੋਤ ਸਿੰਘ,ਗੁਰਦੀਪ ਬਰਨਾਲਾ, ਰਾਜਵਿੰਦਰ ਬੈਹਣੀਵਾਲ,ਇਕਬਾਲ ਉੱਭਾ, ਸਮਰਜੀਤ ਅਤਲਾ, ਰਣਜੀਤ ਸਿੰਘ, ਕਰਨਪਾਲ ਸਿੰਘ, ਗੁਰਜੰਟ ਸਿੰਘ, ਕੁਲਵਿੰਦਰ ਸਿੰਘ ਆਦਿ ਆਗੂ ਸਨ।

# ਪੀ.ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਸੁਤੰਤਰਤਾ ਦਿਵਸ ਜੋਸ਼ੋ-ਖ਼ਰੋਸ਼ ਨਾਲ ਮਨਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 9463601616
hardipchumber57@gmail.com



ਚੰਡੀਗੜ੍ਹ (ਸਤਨਾਮ ਸਿੰਘ ਸਹੁੰਗੜਾ) ਪੀ.ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਸੁਤੰਤਰਤਾ ਦਿਵਸ, ਵੇਲਵੇਟ ਕਲਾਰਕਸ ਐਕਸੋਟਿਕਾ ਰਿਜ਼ੋਰਟ, ਜੀਰਕਪੁਰ ਵਿਖੇ ਬੜੀ ਧੂਮਧਾਮ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਸਮਾਗਮ ਵਿੱਚ ਚੇਅਰਮੈਨ ਫੂਡ ਕਮਿਸ਼ਨ ਪੰਜਾਬ ਸ਼੍ਰੀ ਬਾਲ ਮੁਕੰਦ ਸ਼ਰਮਾ ਜੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਵੱਲੋਂ ਰਾਸ਼ਟਰੀ ਝੰਡਾ ਲਹਿਰਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਗੈਰੀ ਮਲਹੋਤਰਾ (ਸੀ.ਈ.ਓ.– ਯੂ.ਬੀ.ਐੱਸ. ਐੱਸ.ਐਂਡ ਹੈਲਪਿੰਗ ਹੈਂਡਸ) ਅਤੇ ਡਾ. ਮੁਹੰਮਦ ਅਸਲਮ ਨੇ ਹਾਜ਼ਰੀ ਭਰੀ। ਇਨ੍ਹਾਂ ਤੋਂ ਇਲਾਵਾ, ਸ਼੍ਰੀਮਤੀ ਧੰਨਜਿਆ ਚੌਹਾਨ (ਮੈਂਬਰ–ਟਰਾਂਸਜੈਂਡਰ ਵੈਲਫੇਅਰ ਸੁਸਾਇਟੀ ਚੰਡੀਗੜ੍ਹ) ਅਤੇ ਉਨ੍ਹਾਂ ਦੀ ਟੀਮ ਨੇ ਵੀ ਵਿਸ਼ੇਸ਼ ਤੌਰ ‘ਤੇ ਭਾਗ ਲਿਆ।ਪੀ.ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪਰਵੀਨ ਸੰਧੂ ਨੇ ਇਸ ਦਿਨ ਦੇ ਮਹੱਤਵ ਬਾਰੇ ਦੱਸਿਆ ਕਿ 15 ਅਗਸਤ 1947 ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਵਿੱਚ ਲਿਖਿਆ ਗਿਆ ਦਿਨ ਹੈ। ਜਦੋਂ ਭਾਰਤ ਨੇ ਬ੍ਰਿਟਿਸ਼ ਗੁਲਾਮੀ ਤੋਂ ਆਜ਼ਾਦੀ ਹਾਸਲ ਕਰਕੇ ਇੱਕ ਖੁਦਮੁਖਤਿਆਰ ਰਾਸ਼ਟਰ ਦੇ ਰੂਪ ਵਿੱਚ ਜਨਮ ਲਿਆ। ਇਹ ਦਿਨ ਸਾਨੂੰ ਨਾ ਸਿਰਫ਼ ਆਪਣੀ ਆਜ਼ਾਦੀ ਦੀ ਕਦਰ ਕਰਨ ਦੀ ਯਾਦ ਦਿਲਾਉਂਦਾ ਹੈ, ਸਗੋਂ ਦੇਸ਼ ਲਈ ਕੁਝ ਕਰਨ ਦੀ ਪ੍ਰੇਰਣਾ ਵੀ ਦਿੰਦਾ ਹੈ। ਸਮਾਗਮ ਦੌਰਾਨ ਪੀ.ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੀ ਪੂਰੀ ਟੀਮ ਝੰਡਾ ਲਹਿਰਾਉਣ ਦੀ ਰਸਮ ਵਿੱਚ ਸ਼ਾਮਿਲ ਹੋਈ ਅਤੇ ਰਾਸ਼ਟਰੀ ਗੀਤ ਗਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਅਤੇ ਰਾਸ਼ਟਰਪਤੀ ਅਵਾਰਡ ਪ੍ਰਾਪਤ ਸ. ਬਲਕਾਰ ਸਿੱਧੂ ਜੀ ਨੇ ਸੁਤੰਤਰਤਾ ਦਿਵਸ ਦੇ ਇਤਿਹਾਸਕ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰੋਗਰਾਮ ਦੀ ਰਹਿਨੁਮਾਈ ਕੀਤੀ। ਇਸਦੇ ਨਾਲ ਹੀ ਉਨ੍ਹਾਂ ਨੇ ਮੌਕੇ ਤੇ ਸ਼ਾਮਿਲ ਸਾਰੀਆਂ ਸ਼ਖਸੀਅਤਾਂ ਦਾ ਜੀ ਆਇਆ ਕੀਤਾ। ਇਸ ਵਿਸ਼ੇਸ਼ ਮੌਕੇ ਤੇ ਵਿੰਦਰ ਮਾਝੀ (ਸ਼ਾਇਰ ਭੱਟੀ) ਦੀ ਹੱਥ ਲਿਖਤ ਪੁਸਤਕ “ਰਮਜ਼ ਫਕੀਰੀ ਦੀ” ਲੋਕ ਅਰਪਣ ਕੀਤੀ ਗਈ। ਇਸ ਮੌਕੇ ਸੁਸਾਇਟੀ ਦੀ ਜਨਰਲ ਸਕੱਤਰ ਰਾਜਦੀਪ ਕੌਰ, ਕੈਸ਼ੀਅਰ ਅਰਸ਼ਦੀਪ ਸੰਧੂ, ਐਡਵਾਈਜ਼ਰ ਡਾ. ਮੀਨਾ ਚੱਢਾ, ਪ੍ਰੈੱਸ ਸਕੱਤਰ ਸ਼ਾਇਰ ਭੱਟੀ (ਵਿੰਦਰ ਮਾਝੀ), ਸਹਾਇਕ ਸਕੱਤਰ ਮਨਜੀਤ ਕੌਰ ਮੀਤ, ਪ੍ਰੀਤੀ ਜੈਨ, ਰਿੰਕੂ ਜੈਨ, ਬਲਬੀਰ ਸੈਨੀ, ਯਾਜਸਵੀ, ਸ਼੍ਰਧਾ ਗੁਪਤਾ, ਪਰਦੀਪ ਮੁੱਛਲ, ਮਨਪ੍ਰੀਤ ਕੌਰ, ਅਸ਼ੋਕ ਸਚਦੇਵਾ, ਅਸ਼ਮੀਤ ਸਿੰਘ, ਜਸਵਿੰਦਰ ਕੌਰ, ਹਰਲੀਨ ਕੌਰ, ਆਸ਼ਿਮਾ ਸਚਦੇਵਾ, ਜਸਮਾਈਨ ਕੌਰ, ਪਲਵਿੰਦਰ ਪੈਰੀ, ਰਵਿਨਾ ਪੰਧੇਰ, ਸ਼ੀਲਾ, ਰਾਜਬਾਲਾ, ਮਨਪ੍ਰੀਤ ਕੌਰ, ਮਨਤ ਗੁਲਾਟੀ, ਰਾਜੇਸ਼ ਕੁਮਾਰ ਆਦਿ ਮੈਂਬਰ ਵੀ ਹਾਜ਼ਰ ਰਹੇ। ਸਮਾਪਤੀ ਤੇ ਸਾਰਿਆਂ ਨੇ ਦੇਸ਼ ਦੀ ਅੱਗੇ ਵਧਦੀ ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

# 27 ਐਸ ਸੀ ਬੀਸੀ ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਦੀ ਬਣੀ ਕੁਆਰਡੀਨੇਸ਼ਨ ਦੇ ਸੱਦੇ ਤੇ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਪ੍ਰਦਰਸ਼ਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 9463601616
hardipchumber57@gmail.com



ਅੱਜ 27 ਐਸ ਸੀ ਬੀਸੀ ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਦੀ ਬਣੀ ਕੁਆਰਡੀਨੇਸ਼ਨ ਦੇ ਸੱਦੇ ਤੇ ਹਜ਼ਾਰਾਂ ਵਰਕਰਾਂ ਨੇ ਸੁਨਾਮ ਵਿਖੇ ਪੰਜਾਬ ਸਰਕਾਰ ਪਾਸੋਂ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਪ੍ਰਦਰਸ਼ਨ ਅਤੇ ਮੁਜਾਰਾ ਕੀਤਾ ਪਿਛਲੀਆਂ ਸਰਕਾਰਾਂ ਵੱਲੋਂ ਗਰੀਬਾਂ ਮਜ਼ਲੂਮਾਂ ਅਤੇ ਕ੍ਰਾਂਤੀਕਾਰੀ ਵਿਅਕਤੀਆਂ ਖਿਲਾਫ ਸੰਘਰਸ਼ਾ ਦੌਰਾਨ ਦਰਜ ਕੀਤੇ ਝੂਠੇ ਮੁਕਦਮਿਆਂ ਨੂੰ ਰੱਦ ਕਰਵਾਉਣਾ, ਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਪੂਰਨ ਰੂਪ ਵਿੱਚ ਲਾਗੂ ਕਰਵਾਉਣਾ, ਜਾਅਲੀ ਐਸ ਸੀ ਸਰਟੀਫਿਕੇਟ ਧਾਰਕਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣਾ ਪਿੰਡ ਨੰਗਲਾ ਦੀ ਗੈਰ ਐਸ ਸੀ ਸਰਪੰਚ ਵੱਲੋਂ ਜਾਅਲੀ ਐਸ ਸੀ ਸਰਟੀਫਿਕੇਟ ਬਣਾ ਕੇ ਸਰਪੰਚੀ ਹਾਸਲ ਕਰਨ ਵਿਰੁੱਧ ਕਾਰਵਾਈ ਕਰਵਾਉਣਾ, 85ਵੀਂ ਸੋਧ ਲਾਗੂ ਕਰਵਾਉਣਾ, ਪੁਰਾਣੀ ਪੈਨਸ਼ਨ ਬਹਾਲ ਕਰਨਾ, ਅਤੇ ਹੋਰ ਗਰੀਬਾਂ ਮਜ਼ਲੂਮਾਂ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਅਤੇ ਮੰਗਾਂ ਨੂੰ ਹੱਲ ਕਰਵਾਉਣ ਲਈ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਦੇ ਦਫਤਰ ਅੱਗੇ ਆਪਣੀਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਧਰਨਾਕਾਰੀਆਂ ਨੇ ਆਪਣੇ ਦੁੱਖੜੇ ਰੋਏ ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਕੋਆਰਡੀਨੇਸ਼ਨ ਦੇ ਚੇਅਰਮੈਨ ਸਰਦਾਰ ਜਸਬੀਰ ਸਿੰਘ ਪਾਲ ਕੋ ਕੋਆਰਡੀਨੇਸ਼ਨ ਹਰਵਿੰਦਰ ਸਿੰਘ ਸੰਗਰੂਰ ਅਤੇ ਕੋਆਰਡੀਨੇਟਰ ਤੇ ਜਬਰ ਜ਼ੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ ,ਹਰਜਸ ਸਿੰਘ ਖੜਿਆਲ, ਕਰਨੈਲ ਸਿੰਘ ਨੀਲੋਵਾਲ, ਜਗਦੀਪ ਕੌਰ ਭਿੰਡਰਾਂ, ਮਹਿੰਦਰ ਕੌਰ ਬਾਲੀਆਂ, ਜੱਗਾ ਸਿੰਘ ਮੰਡਿਆਲਾ, ਹਰਪਾਲ ਕੌਰ ਬੀਬੀ ਬਲਰਾਜ ਕੁਮਾਰ ਅਜੈਬ ਸਿੰਘ ਬਠੋਈ, ਅਮਰਜੀਤ ਸਿੰਘ ਖਟਕਲ ,ਬਲਦੇਵ ਭਾਰਤੀ ,ਲਸ਼ਮਣ ਸਿੰਘ ਸਹੋਤਾ, ਸਤਵੰਤ ਸਿੰਘ ਧੂਰਾ, ਕੁਲਵਿੰਦਰ ਸਿੰਘ ਬੇਦਲ ਪ੍ਰਧਾਨ, ਪ੍ਰਿੰਸੀਪਲ ਕ੍ਰਿਸ਼ਨ ਲਾਲ ,ਮਾਸਟਰ ਸੰਜੀਵ ਕੁਮਾਰ, ਪਰਮਜੀਤ ਸਿੰਘ ਜਲੰਧਰ ,ਭੋਲਾ ਸਿੰਘ ਸੰਗਰਾਮੀ, ਘਮੰਡ ਸਿੰਘ ,ਜੀਤ ਸਿੰਘ ,ਸ਼ਮਸ਼ੇਰ ਸਿੰਘ ,ਬਲਦੇਵ ਸਿੰਘ ਧੂਗਾ ,ਮੋਹਨ ਲਾਲ ਫਰੀਦਕੋਟ , ਤੋਂ ਇਲਾਵਾ ਬਹੁਤ ਸਾਰੇ ਆਗੂਆਂ ਨੇ ਸੰਬੋਧਨ ਕੀਤਾ ਹਜ਼ਾਰਾਂ ਵਰਕਰਾਂ ਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਅੱਗੇ ਜਾਣ ਤੋਂ ਰੋਕਣ ਲਈ ਭਾਰੀ ਪੁਲਿਸ ਫੋਰਸ ਤੈਨਾਤ ਕੀਤੀ ਗਈ ਅੰਤ ਵਿੱਚ ਦਫਤਰ ਮੁੱਖ ਮੰਤਰੀ ਪੰਜਾਬ ਵੱਲੋਂ ਐਸ ਡੀ ਐਮ ਸੁਨਾਮ ਰਾਹੀਂ ਮਿਤੀ4 ਸਤੰਬਰ 2025 ਨੂੰ ਸੰਸਥਾ ਆਗੂਆਂ ਨੂੰ ਸਬ ਕਮੇਟੀ ਨਾਲ ਮੀਟਿੰਗ ਕਰਨ ਲਈ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਦਾ ਸਮਾਂ ਦਿੱਤਾ ਗਿਆ ਜਿਸ ਵਿੱਚ ਮਸਲੇ ਹੱਲ ਹੋ ਸਕਣ

# ਅੰਮ੍ਰਿਤਸਰ ‘ਚ ਗੈਂਗਵਾਰ ਟਲਿਆ, ਧੱਕਾ ਕਲੋਨੀ ‘ਚ ਪੁਲਿਸ ਨਾਲ ਮੁਕਾਬਲੇ ’ਚ ਲੋੜੀਂਦਾ ਗੈਂਗਸਟਰ ਜ਼ਖ਼ਮੀ

## ਨਿਖਿਲ ਵੱਲੋਂ ਕੀਤੀ ਗਈ ਗੋਲੀਬਾਰੀ ‘ਚ ਦੋ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 9463601616
hardipchumber57@gmail.com

ਅੰਮ੍ਰਿਤਸਰ : ਛੇਹਰਟਾ ਇਲਾਕੇ ਦੀ ਧੱਕਾ ਕਲੋਨੀ ‘ਚ ਅੱਜ ਰਾਤ ਗੈਂਗਵਾਰ ਦੀ ਸੰਭਾਵਨਾ ਨੂੰ ਪੁਲਿਸ ਨੇ ਆਪਣੀ ਮੁਸਤੈਦੀ ਨਾਲ ਨਾਕਾਮ ਕਰ ਦਿੱਤਾ। ਮੌਕੇ ‘ਤੇ ਪੁੱਜੀ ਪੁਲਿਸ ਨੇ ਕਈ ਗੰਭੀਰ ਮਾਮਲਿਆਂ ‘ਚ ਲੋੜੀਂਦੇ ਗੈਂਗਸਟਰ ਨਿਖਿਲ ਚਾਹਲ ਉਰਫ ਗਵਾਲਾ ਨੂੰ ਕਾਬੂ ਕਰ ਲਿਆ।

ਨਿਖਿਲ ਵੱਲੋਂ ਕੀਤੀ ਗਈ ਗੋਲੀਬਾਰੀ ‘ਚ ਦੋ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ‘ਚ ਭਰਤੀ ਕਰਵਾਇਆ ਗਿਆ। ਪੁਲਿਸ ਮੁਕਾਬਲੇ ਦੌਰਾਨ ਨਿਖਿਲ ਚਾਹਲ ਦੀ ਲੱਤ ‘ਚ ਗੋਲੀ ਲੱਗੀ, ਜਿਸ ਕਾਰਨ ਉਸ ਨੂੰ ਵੀ ਹਸਪਤਾਲ ‘ਚ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਮੌਕੇ ‘ਤੇ 6 ਖੋਲ ਵੀ ਬਰਾਮਦ ਕੀਤੇ ਹਨ। ਨਿਖਿਲ ਚਾਹਲ ਨੇ ਪੁਲਿਸ ‘ਤੇ ਅੰਨੇਵਾਹ ਗੋਲੀਆਂ ਚਲਾਈਆਂ, ਪਰ ਪੁਲਿਸ ਨੇ ਸਥਿਤੀ ‘ਤੇ ਕਾਬੂ ਪਾ ਲਿਆ। ਇਲਾਕੇ ‘ਚ ਹਾਲਾਤ ਨੂੰ ਦੇਖਦੇ ਹੋਏ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਪੁਲਿਸ ਵੱਲੋਂ ਜਾਂਚ ਜਾਰੀ ਹੈ।

# ਮੈਰਿਟ ਲਿਸਟ ਚ,ਆਈਆਂ ਬੱਚੀਆਂ ਨੂੰ ਸੁਤੰਤਰਤਾ ਦਿਵਸ ਮੌਕੇ ਕੀਤਾ ਸਨਮਾਨਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 16 ਅਗਸਤ
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ 16 ਅਗਸਤ (ਬਲਵੀਰ ਚੌਪੜਾ ) ਗੜ੍ਹਸ਼ੰਕਰ ਵਿਖੇ ਮਨਾਏ ਗਏ 79 ਵੇਂ ਸੁਤੰਤਰਤਾ ਦਿਵਸ ਮੌਕੇ ਨੰਬਰਦਾਰ ਕਰਮ ਚੰਦ ਪਬਲਿਕ ਹਾਈ ਸਕੂਲ ਸਤਨੌਰ ਤਹਿ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਦੋ ਬੱਚੀਆਂ ਜਸਪ੍ਰੀਤ ਕੌਰ ਅਤੇ ਕੋਮਲਪ੍ਰੀਤ ਕੌਰ ਨੇ ਅੱਠਵੀਂ ਜਮਾਤ ਵਿੱਚੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਲਿਸਟ ਵਿੱਚ 12 ਵੇਂ ਰੈਂਕ ਤੇ ਆ ਕੇ ਸਕੂਲ ਦਾ ਨਾਮ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ l ਉੱਥੇ ਹੀ ਉਹਨਾਂ ਨੂੰ ਐਸ ਡੀ ਐਮ ਸ੍ਰੀ ਸੰਜੀਵ ਕੁਮਾਰ ਗੌੜ ਗੜ੍ਹਸ਼ੰਕਰ ਵਲੋਂ ਸੁਤੰਤਰਤਾ ਦਿਵਸ ਮੌਕੇ ਸਨਮਾਨਿਤ ਕੀਤਾ ਗਿਆ l ਉਹਨਾਂ ਬੱਚੀਆਂ ਨੂੰ ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਪੰਜਾਬ ਵਲੋਂ ਪਹਿਲਾਂ ਪ੍ਰਸ਼ੰਸਾ ਪੱਤਰ ਵੀ ਦਿੱਤੇ ਗਏ ਸਨ l ਇਸ ਮੌਕੇ ਸਕੂਲ ਦੇ ਮਾਣਯੋਗ ਪ੍ਰਿੰਸੀਪਲ ਸ੍ਰੀ ਸੁਰਜੀਤ ਕੁਮਾਰ ਨੇ ਬੱਚਿਆਂ ਨੂੰ ਅੱਗੇ ਤੋਂ ਜ਼ਿਆਦਾ ਮਨ ਲਗਾ ਕੇ ਪੜ੍ਹਨ ਲਈ ਉਤਸ਼ਾਹਿਤ ਕੀਤਾ ਅਤੇ ਮੁਬਾਰਕਬਾਦ ਦਿੱਤੀ।

# ਸ਼੍ਰੀ ਗੁਰੂ ਰਵਿਦਾਸ ਸਭਾ (ਰਜਿ) ਅਰਬਨ ਅਸਟੇਟ ਫਗਵਾੜਾ ਦੀ ਚੋਣ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 16 ਅਗਸਤ
INTERNATIONAL PAPER, 9463601616
hardipchumber57@gmail.com




ਪਿਛਲੇ 25 ਸਾਲਾਂ ਤੋਂ ਵੀ ਵੱਧ ਸਮੇ ਤੋ ਵਿਦਿਅਕ, ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਸ਼ਲਾਘਾਯੋਗ ਕੰਮ ਕਰ ਰਹੀ ਸੰਸਥਾ ਸ੍ਰੀ ਗੁਰੂ ਰਵਿਦਾਸ ਸਭਾ (ਰਜਿ) ਅਰਬਨ ਅਸਟੇਟ ਫਗਵਾੜਾ ਦਾ ਜਨਰਲ ਅਜਲਾਸ ਡਾ ਅੰਬੇਡਕਰ ਭਵਨ ਵਿਖੇ ਸਭਾ ਦੇ ਪ੍ਰਧਾਨ ਜਗਨ ਨਾਥ ਬਾਂਸਲ ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿਚ ਸਭਾ ਦੇ ਜਨਰਲ ਬਾਡੀ ਮੈਂਬਰਾਂ ਨੇ ਭਰਵੀਂ ਸਮੂਲੀਅਤ ਕੀਤੀ। ਅਜਲਾਸ ਵਿਚ ਸੱਭ ਤੋਂ ਪਹਿਲਾਂ 2 ਮਿੰਟ ਦਾ ਮੌਨ ਧਾਰਨ ਕਰਕੇ ਪਿਛਲੇ ਸਮੇਂ ਵਿਚ ਸਦੀਵੀ ਵਿਛੋੜਾ ਦੇ ਗਏ ਮੈਂਬਰਾਂ ਨੂੰ ਸ਼ਰਧਾਜਲੀ ਭੇਂਟ ਕੀਤੀ ਗਈ। ਉਪਰੰਤ ਸਭਾ ਦੇ ਜਨਰਲ ਸਕੱਤਰ ਘਨਸ਼ਾਮ ( ਸਾਬਕਾ ਡੀ ਜੀ ਐੱਮ ਕੈਨਰਾ ਬੈਂਕ) ਨੇ ਸਭਾ ਦਵਾਰਾ ਪਿਛਲੇ 4 ਸਾਲਾਂ ਵਿਚ 2 ਟਰਮਾ ਦੌਰਾਨ ਕੀਤੇ ਗਏ ਕੰਮਾਂ ਅਤੇ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦਿਆਂ ਜਨਰਲ ਸਕੱਤਰ ਨੇ ਦੱਸਿਆ ਕਿ ਪਿਛਲੇ 4 ਸਾਲਾਂ ਵਿਚ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਲੱਗਭਗ 20 ਲੱਖ ਰੁਪਏ ਦੀ ਲਾਗਤ ਨਾਲ ਸ੍ਰੀ ਗੁਰੂ ਰਵਿਦਾਸ ਭਵਨ ਅਤੇ ਡਾ ਅੰਬੇਡਕਰ ਭਵਨ ਦੀਆ ਦਰਸ਼ਨੀ ਡਿਓੜੀਆ ਦਾ ਨਿਰਮਾਣ ਕੀਤਾ ਗਿਆ। ਇਸੇ ਤਰਾਂ ਦੋਨਾਂ ਦਰਸ਼ਨੀ ਡਿਓੜੀਆ ਵਿਚਕਾਰ ਲਗਭੱਗ 6 ਲੱਖ ਰੁਪਏ ਨਾਲ ਸ਼ੈਡ ਦਾ ਨਿਰਮਾਣ, ਲਗਭੱਗ 15 ਲੱਖ ਰੁਪਏ ਦੀ ਲਾਗਤ ਨਾਲ ਡਿਸਪੈਂਸਰੀ ਦੀ ਨਵੀ ਇਮਾਰਤ ਦੀ ਉਸਾਰੀ ਕੀਤੀ ਗਈ ਜਿਸ ਵਿਚ ਮਰੀਜਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਅਤੇ ਸਮੇਂ ਸਮੇਂ ਤੇ ਫ੍ਰੀ ਮੈਡੀਕਲ ਕੈਂਪ ਵੀ ਲਗਾਏ ਗਏ। ਡਿਸਪੈਂਸਰੀ ਦੇ ਨਾਲ ਚੈਰੀਟੇਬਲ ਲੈਬੋਰਟਰੀ ਵੀ ਸ਼ੁਰੂ ਕੀਤੀ ਗਈ। ਡਾ ਅੰਬੇਡਕਰ ਭਵਨ ਵਿਖੇ ਵਿਆਹ ਸ਼ਾਦੀਆਂ ਦੌਰਾਨ ਲੜਕੇ ਲੜਕੀ ਦੇ ਤਿਆਰ ਹੋਣ ਵਾਸਤੇ ਫੁਲੀ ਏ ਸੀ , ਅਟੈਚ ਵਾਸ਼ ਰੂਮ ਵਾਲੇ 2 ਕਮਰਿਆਂ ਦਾ ਨਿਰਮਾਣ ਕੀਤਾ ਗਿਆ। ਸਭਾ ਦੇ ਪੂਰੇ ਕੰਪਲੈਕਸ ਦੇ ਓਪਨ ਏਰੀਆ ਵਿਚੋਂ ਇੰਟਰ ਲਾਕ ਦੀ ਜਗ੍ਹਾ ਫੁਲ ਬੌਡੀ ਚਾਰਜ ਟਾਈਲਾਂ ਲਗਾਈਆ ਗਈਆ। ਕੰਪਲੈਕਸ ਦੀ ਕਿਚਨ ਦਾ ਰੇਨੋਵੇਸ਼ਨ, ਡਾ ਅੰਬੇਡਕਰ ਭਵਨ ਦੀ ਅਧੂਰੀ ਪਈ ਤੀਜੀ ਮੰਜਿਲ ਨੂੰ ਪੂਰਾ ਕਰਵਾ ਕੇ ਫੁਲੀ ਏਅਰ ਕੰਡੀਸ਼ਨ ਕੀਤਾ ਗਿਆ, ਜਿੱਥੇ ਹੁਣ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। 6 ਲੱਖ ਰੁਪਏ ਦੀ ਲਾਗਤ ਨਾਲ ਸੋਲਰ ਪੈਨਲ ਲਗਾਏ ਗਏ। 12 ਲੱਖ ਰੁਪਏ ਦੀ ਲਾਗਤ ਨਾਲ ਲਿਫਟ ਦਾ ਨਿਰਮਾਣ ਕੀਤਾ ਗਿਆ।

ਪੂਰੇ ਕੰਪਲੈਕਸ ਨੂੰ ਵਧੀਆ ਦਿਖ ਦੇਣ ਲਈ ਲੱਗਭਗ 10 ਲੱਖ ਰੁਪਏ ਦੀ ਲਾਗਤ ਨਾਲ ਕੰਪਲੈਕਸ ਨੂੰ ਪੇਂਟ ਅਤੇ ਚਾਰ ਦੀਵਾਰੀ ਤੇ ਸਟੀਲ ਦੀਆਂ ਗ੍ਰਿੱਲਾ ਅਤੇ ਐੱਲ ਈ ਡੀ ਲਾਈਟਾਂ ਅਤੇ ਗ੍ਰੀਨ ਬੈਲਟ ਤੇ ਲੋਹੇ ਦੀਆਂ ਗ੍ਰਿੱਲਾ ਅਤੇ ਕੰਪਲੈਕਸ ਦੇ ਆਲੇ ਦੁਆਲੇ ਇੰਟਰਲਾਕ ਟਾਈਲਾਂ ਅਤੇ ਗ੍ਰੀਨਰੀ ਵਾਸਤੇ ਘਾਹ ਅਤੇ ਬੂਟੇ ਲਗਾਏ ਗਏ।

ਡਾ ਅੰਬੇਡਕਰ ਭਵਨ ਦਾ ਮੇਨ ਹਾਲ ਜੋ ਕੇ ਸਮਾਜਿਕ/ ਸਾਹਿਤਿਕ ਗਤੀਵਿਧੀਆਂ ਅਤੇ ਗਰੀਬ ਲੜਕੀਆਂ ਦੇ ਵਿਆਹਾਂ ਵਾਸਤੇ ਵਰਤਿਆ ਜਾਂਦਾ ਹੈ ਵਿਚ ਲਗਭੱਗ 20 ਲੱਖ ਰੁਪਏ ਦੀ ਲਾਗਤ ਨਾਲ ਡਾਨ ਸੀਲਿੰਗ ਕਰਾ ਕੇ ਫੁਲੀ ਏਅਰ ਕੰਡੀਸ਼ਨਰ ਕੀਤਾ ਗਿਆ ਅਤੇ ਵਿਆਹਾਂ ਅਤੇ ਹੋਰ ਫੰਕਸ਼ਨ ਵਾਸਤੇ 250 ਕੁਰਸੀਆਂ , ਟੇਬਲ, ਕਰਾਕਰੀ ਅਤੇ ਕਾਰਪੇਟ ਆਦਿ ਖਰੀਦੇ ਗਏ ।

ਇਸਤੋਂ ਇਲਾਵਾ ਸਭਾ ਦੇ ਮਿਸ਼ਨ ਪੇ ਬੈਕ ਟੂ ਸੋਸਾਇਟੀ ਦੇ ਅੰਤਰਗਤ ਬੇਰੋਜ਼ਗਾਰ ਗਰੀਬ ਵਿਦਿਆਰਥੀਆਂ ਨੂੰ ਸਰਕਾਰੀ ਨੌਕਰੀਆਂ ਪ੍ਰਾਪਤ ਕਰਾਉਣ ਵਾਸਤੇ ਸਮਾਰਟ ਕਲਾਸ ਰੂਮ ਵਿਚ ਲਗਾਤਾਰ ਫ੍ਰੀ ਕੋਚਿੰਗ ਕਲਾਸਾ, ਫ੍ਰੀ ਕੰਪਿਊਟਰ ਕੋਰਸ, ਇਸਦੇ ਨਾਲ ਹੀ ਲੜਕੀਆਂ ਵਾਸਤੇ ਸਲਾਈ ਕਢਾਈ ਸਿੱਖਣ ਵਾਸਤੇ ਸੈਂਟਰ ਦੀ ਸਥਾਪਨਾ ਕੀਤੀ ਗਈ। ਚੱਲ ਰਹੀ ਲਾਇਬ੍ਰੇਰੀ ਵਾਸਤੇ ਹੋਰ ਅਲਮੀਰਾ ਅਤੇ ਕਿਤਾਬਾਂ ਅਤੇ ਜਿਮ ਵਿਚ ਕਸਰਤ ਕਰਨ ਵਾਸਤੇ ਹੋਰ ਮਸ਼ੀਨਾਂ ਖ਼ਰੀਦੀਆ ਗਈਆ।

ਸਮੇ ਸਮੇ ਤੇ ਮਹਾਪੁਰਸ਼ਾਂ ਦੇ ਜਨਮ ਦਿਨ ਅਤੇ ਪਰੀਨਿਰਵਾਣ ਦਿਵਸ ਮਨਾਏ ਗਏ ਅਤੇ ਸਮਾਜਿਕ ਜਾਗ੍ਰਤੀ ਵਾਸਤੇ ਕਈ ਸੈਮੀਨਾਰ ਅਤੇ ਸਾਹਤਿਕ ਪ੍ਰੋਗਰਾਮ ਕਰਵਾਏ ਗਏ। ਸਰਕਾਰੀ ਸਕੂਲਾਂ ਦੇ ਮੈਰਿਟ ਵਿਚ ਆਏ ਵਿਦਿਆਰਥੀਆਂ ਨੂੰ ਪੜ੍ਹਾਈ ਵਿਚ ਉਤਸਾਹਿਤ ਕਰਨ ਲਈ ਡਾ ਅੰਬੇਡਕਰ ਜੀ ਦੇ ਜਨਮ ਦਿਵਸ ਪ੍ਰੋਗਰਾਮ ਵਿਚ 184 ਵਿਦਿਆਰਥੀਆਂ ਨੂੰ ਨਗਦ ਇਨਾਮ, ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸਤੋਂ ਇਲਾਵਾ ਗਰੀਬ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਵਾਸਤੇ ਸਪਾਂਸਰ ਕੀਤਾ ਗਿਆ।

ਜਨਰਲ ਸਕੱਤਰ ਵਲੋਂ ਰਿਪੋਰਟ ਪੇਸ਼ ਕਰਨ ਉਪਰੰਤ ਸਭਾ ਦੇ ਪ੍ਰਧਾਨ ਜਗਨ ਨਾਥ ਨੇ ਜਨਰਲ ਅਜਲਾਸ ਨੂੰ ਸੰਬੋਧਨ ਕਰਦਿਆਂ ਸਮੂਹ ਮੈਂਬਰਾਂ ਵਲੋਂ ਤਨ ਮਨ ਧਨ ਨਾਲ ਮਿਲੇ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ।

ਅਜਲਾਸ ਵਿਚ ਸ਼ਾਮਿਲ ਸਮੂਹ ਮੈਂਬਰਾਂ ਨੇ ਸਭਾ ਵਲੋਂ ਪਿਛਲੇ 4 ਸਾਲਾਂ ਵਿਚ ਕੀਤੇ ਕੰਮਾਂ ਅਤੇ ਗਤੀਵਿਧੀਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਰਾਮਜੀ ਬੰਸਲ ਨੇ ਅਗਲੀ ਟਰਮ ਲਈ ਪ੍ਰਧਾਨ ਵਾਸਤੇ ਜਗਨ ਨਾਥ ਅਤੇ ਜਨਰਲ ਸਕੱਤਰ ਵਾਸਤੇ ਘਨਸ਼ਾਮ ਦੇ ਨਾਮ ਦਾ ਪ੍ਰਸਤਾਵ ਪੇਸ਼ ਕੀਤਾ ਜਿਸ ਨੂੰ ਹਾਜ਼ਰ ਮੈਂਬਰਾਂ ਨੇ ਸਰਬ ਸੰਮਤੀ ਨਾਲ ਦੋਬਾਰਾ ਜਗਨ ਨਾਥ ਬਾਂਸਲ ਨੂੰ ਪ੍ਰਧਾਨ, ਘਨਸ਼ਾਮ ਨੂੰ ਜਨਰਲ ਸਕੱਤਰ ਦੀਆ ਸੇਵਾਵਾਂ ਨਿਭਾਉਣ ਲਈ ਚੁਣਿਆ ਗਿਆ ਅਤੇ ਉਪਰੋਕਤ ਦੋਨਾਂ ਅਹੁਦੇਦਾਰਾਂ ਨੂੰ ਇਹ ਅਧਿਕਾਰ ਦਿੱਤੇ ਗਏ ਕੇ ਸਭਾ ਦੇ ਬਾਕੀ ਅਹੁਦੇਦਾਰਾਂ ਅਤੇ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਦੀ ਨਿਯੁਕਤੀ ਕਰਕੇ ਸਭਾ ਦਾ ਕੰਮ ਕਾਰ ਚਲਾਣਗੇ।

